ਸਭ ਹਕ ਕਰਤਾ ਦੇ ਰਾਖਵੇਂ ਹਨ

(ਭਾਗ ਪਹਿਲਾ)

ੴ ਵਾਹਿਗੁਰੂ ਜੀ ਕੀ ਫਤਹਿ॥

ਫੇਰਿ ਵਸਾਇਆ ਫੇਰੂ ਆਣਿ ਸਤਿਗੁਰ ਖਾਡੂਰ

# ਸ੍ਰੀ ਖਡੂਰ ਸਾਹਿਬ ਜੀ ਦਾ

# ਇਤਿਹਾਸ



ਕਰਤਾ ਤੇ ਪ੍ਰਕਾਸ਼ਕ:—

**ਬਾਵਾ ਅਮਰ ਸਿੰਘ 'ਜੋਗੀ' ਤਰਿੱਣ**

ਖਡੂਰ ਸਾਹਿਬ, ਜ਼ਿਲਾ ਅੰਮ੍ਰਿਤਸਰ

ਪਹਿਲੀ ਵਾਰ ੧੦੦੦ ੧੯੭੫ ਭੇਟਾ 1-25

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਸ੍ਰੀ ਖਡੂਰ ਸਾਹਿਬ ਵਿਖੇ ਹੇਠ ਲਿਖੇ ਦਰਸ਼ਨ ਕਰਨ ਯੋਗ ਇਤਿਹਾਸਕ ਅਸਥਾਨ

੧. ਗੁਰਦਵਾਰਾ ਸ੍ਰੀ ਦਰਬਾਰ ਸਾਹਿਬ ਅੰਗੀਠਾ ਸਾਹਿਬ (ਸ੍ਰੀ ਗੁਰੂ ਅੰਗਦ ਦੇਵ ਜੀ)

੨. ਗੁਰਦਵਾਰਾ ਸ੍ਰੀ ਕਿਲਾ ਸਾਹਿਬ (ਸ੍ਰੀ ਗੁਰੂ ਅਮਰਦਾਸ ਜੀ)

੩. ਸ੍ਰੀ ਥੜਾ ਸਾਹਿਬ ਜੀ (ਸ੍ਰੀ ਗੁਰੂ ਅਮਰਦਾਸ ਜੀ)

੪. ਸ੍ਰੀ ਮੱਲ ਅਖਾੜਾ ਸਾਹਿਬ (ਸ੍ਰੀ ਗੁਰੂ ਅੰਗਦ ਦੇਵ ਜੀ)

੫. ਸ੍ਰੀ ਮਾਈ ਭਰਾਈ ਜੀ (ਸ੍ਰੀ ਗੁਰੂ ਅੰਗਦ ਦੇਵ ਜੀ)

੬. ਸ੍ਰੀ ਤਪਿਆਨਾ ਸਾਹਿਬ (ਸ੍ਰੀ ਗੁਰੂ ਨਾਨਕ ਦੇਵ ਜੀ)

੭. ਸਮਾਧ (ਸੰਤ ਬਾਬਾ ਸਾਧੂ ਸਿੰਘ ਜੀ) ਕਾਰ ਸੇਵਾ ਵਾਲੇ

੮. ਤਪ ਅਸਥਾਨ (ਸ੍ਰੀ ਗੁਰੂ ਅੰਗਦ ਦੇਵ ਜੀ)

੯. ਗੁ: ਸ਼ਹੀਦੀ ਅਸਥਾਨ ਬਾਬਾ ਸ਼ਹਿਜ਼ਾਦਾ ਜੀ ਖੇਹਰਾ

੧੦. ਸਮਾਧ (ਭਾਈ ਬਾਲਾ ਜੀ)

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ॥

ਸੇਵਾ ਦੇ ਪੁੰਜ ਸ੍ਰੀ ਮਾਨ ਸੰਤ ਬਾਬਾ ਉੱਤਮ ਸਿੰਘ ਜੀ ਕਾਰ ਸੇਵਾ ਵਾਲੇ ਵੱਲੋਂ ਇਤਿਹਾਸ ਬਾਰੇ ਵਿਸ਼ਲੇਸ਼ਕ ਆਤਮ ਟਿੱਪਣੀ।

ਸਿਆਣੇ ਸਹਿਤਕਾਰ ਇਸ ਗੱਲ ਨਾਲ ਸਹਿਮਤ ਹਨ ਕਿ ਕਵਿਤਾ ਦਿਲ ਦੀਆਂ ਡੂੰਗਿਆਈਆਂ ਚੋਂ ਨਿਕਲਨ ਦੇ ਕਾਰਣ ਸੁਨਣ ਤੇ ਪੜ੍ਹਨ ਵਾਲਿਆਂ ਤੇ ਆਗਾਧ ਅਸਰ ਪਾਉਂਦੀ ਹੈ। ਜੇਕਰ ਇਤਿਹਾਸ ਨੂੰ ਕਵਿਤਾ ਵਿਚ ਬਿਆਨ ਕੀਤਾ ਜਾਵੇ ਤਾਂ ਸੋਨੇ ਤੇ ਸੁਹਾਗੇ ਵਾਲਾ ਕੰਮ ਹੁੰਦਾ ਹੈ। ਬਾਵਾ ਅਮਰ ਸਿੰਘ ਤਰਿੱਣ 'ਜੋਗੀ' ਨੇ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਜੀ ਦੇ ਜੀਵਨ ਨੂੰ ਕਵਿਤਾ ਦੇ ਰੂਪ ਵਿਚ ਲਿਖਨ ਦਾ ਉਦਮ ਕੀਤਾ ਹੈ। ਬੋਲੀ ਸਾਦਾ, ਸੌਖਾਲੀ ਤੇ ਸੋਹਣੀ ਹੋਣ ਦੇ ਸਦਕੇ ਕਾਫੀ ਹੱਦ ਤਕ ਸਫਲ ਹੈ। ਆਸ ਹੈ ਕਿ ਗੁਰ ਸਿੱਖ ਸੰਗਤਾਂ ਇਸ ਯਤਨ ਦੀ ਸਰਪ੍ਰਸਤੀ ਕਰਦਿਆਂ ਹੋਇਆਂ 'ਜੋਗੀ' ਜੀ ਦੀ ਹੌਸਲਾ ਅਫਜ਼ਾਈ ਕਰਨਗੀਆਂ।

ਸੰਤ ਉਤਮ ਸਿੰਘ
ਖਡੂਰ ਸਾਹਿਬ

Digitized by Panjab Digital Library | www.panjabdigilib.org

੧ ਓ ਸਤਿਗੁਰੂ ਪ੍ਰਸਾਦਿ ॥

# ਪ੍ਰਸੰਸਾ ਦੇ ਦੋ ਸ਼ਬਦ

ਬਾਵਾ ਅਮਰ ਸਿੰਘ ਤਰਿੰਣ 'ਜੋਗੀ' ਨੇ ਸੁਖੱਲੀ ਤੇ ਸੁੰਦਰ ਕਵਿਤਾਵਿਚ ਦੂਸਰੀ ਪਾਤਸ਼ਾਹੀ ਸ੍ਰੀ ਗੁਰੂਅੰਗਦਦੇਵਜੀਮਹਾਰਾਜ ਦੇ ਕ੍ਰਿਸ਼ਮਿਆਂ ਨੂੰ ਦੱਸਣ ਦਾ ਜੋ ਯਤਨ ਕੀਤਾ ਹੈ, ਸ਼ਲਾਘਾ ਯੋਗ ਹੈ। ਕਵਿਤਾ ਇਕ ਬੜੀ ਸੂਖਸ਼ਮ ਚੀਜ਼ ਹੈ। ਕਵਿਤਾ ਹੀ ਕੌਮਾਂ ਦੀ ਜ਼ਿੰਦਗੀ ਹੋਇਆ ਕਰਦੀ ਹੈ। ਇਤਿਹਾਸ ਨਾਲ ਮੁਕੰਮਲ ਵਾਕਫੀਅਤ ਨੂੰ ਵਧੇਰੇ ਸੁਚੱਜਾ ਬਣਾਉਂਦੀ ਹੈ। ਉਮੀਦ ਕੀਤੀ ਜਾਂਦੀ ਹੈ ਕਿ ਸੰਗਤਾਂ 'ਜੋਗੀ' ਜੀ ਦੀ ਲਿਖਤ ਨੂੰ ਪੜ੍ਹਕੇ ਇਨ੍ਹਾਂ ਦੀ ਹੌਸਲਾ ਅਫਜ਼ਾਈ ਕਰਨਗੀਆਂ ਤਾਂ ਜੋ ਇਹ ਕਵਿਤਾ ਰਾਹੀਂ ਹੋਰ ਵਧੇਰੇ ਪੰਥਕ ਸੇਵਾ ਕਰ ਸੱਕਣ। ਆਸ ਕੀਤੀ ਜਾ ਸਕਦੀ ਹੈ ਕਿ ਇਹੋ ਜਿਹੀਆਂ ਹੋਰ ਇਤਿਹਾਸਕ ਕਵਿਤਾਵਾਂ ਦੀ ਲੜੀ ਜਾਰੀ ਰੱਖੀ ਜਾਵੇਗੀ।

ਕਰਤਾਰ ਸਿੰਘ
**Principal,**
**S. G. A. D. COLLEGE,**
**Khadoor Sahib (Amritsar)**

ਇਹ ਇਤਿਹਾਸ ਵਿਦਵਤਾ ਭਰੀ ਗਹਿਰੀ ਖੋਜ ਨਾਲ ਛੰਦਾ ਬੰਦੀ ਵਿਚ ਲਿਖਿਆ ਹੈ।

ਸੰਤ ਸੁਰਜੀਤ ਸਿੰਘ

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ।

ਸ੍ਰੀ ਗੁਰੂ ਅੰਗਦ ਦੇਵ ਤੇਰੀ ਜੈ ਹੋਵੇ,
ਅਰਸ਼ੋਂ ਦੇਵਤੇ ਫੁਲ ਬਰਸਾਂਦੇ ।
ਗੁਰੂ ਅੰਗਦ ਦੇਵ ਤੇਰੀ ਜੈ ਹੋਵੇ ।

ਤੇਰੇ ਦਰਬਾਰ ਦੀ ਸੋਭਾ ਸੁਣਕੇ,
ਲੋਕੀ ਦੂਰਾਂ ਦੂਰਾਂ ਤੋਂ ਆਂਦੇ ।
ਗੁਰੂ ਅੰਗਦ ਦੇਵ... ... ...

ਹੁੰਦੀਆਂ ਦਿਲ ਦੀਆਂ ਇਛਾ ਪੂਰੀਆਂ ਨੇ.
ਇਕ ਮਨ ਹੋ ਜੋ ਤੈਨੂੰ ਧਿਆਂਦੇ ।
ਗੁਰੂ ਅੰਗਦ ਦੇਵ... ... ...

ਤੂੰ ਨਿਆਸਰਿਆਂ ਦੀ ਆਸ ਪਹੁੰਚਾ ਦੇਵੇਂ,
ਤੂੰ ਨਿਮਾਣਿਆਂ ਨੂੰ ਮਾਣ ਦਵਾ ਦੇਵੇਂ,
ਜੋ ਨਜ਼ਰ ਤੇਰੀ ਹੇਠ ਆਉਂਦੇ ।
ਗੁਰੂ ਅੰਗਦ ਦੇਵ... ... ...

ਪੈਂਤੀ ਅੱਖਰੀ ਤੂੰ ਬਣਾਈ ਦਾਤਾ,
ਕੀਤੀ ਜੱਗ ਤੇ ਤੂੰ ਭਲਾਈ ਦਾਤਾ,
ਜਨਮ ਸਾਖੀ ਬਾਬੇ ਦੀ ਲਿਖਾਈ ਦਾਤਾ,
ਤੇਰੇ ਉਪਕਾਰ ਗਿਣੇ ਨਹੀਂ ਜਾਂਦੇ ।
ਗੁਰੂ ਅੰਗਦ ਦੇਵ... ... ...



Digitized by Panjab Digital Library | www.panjabdigilib.org

ਦੁਖੀਆਂ ਦੇ ਦੁਖ ਨਿਵਾਰ ਦੇਵੇਂ,
ਹਿਰਦੇ ਸੀਤਲ ਕਰ ਤੂੰ ਠਾਰ ਦੇਵੇਂ,
ਲੋਕੀਂ ਜੱਸ ਤੇਰਾ ਪਏ ਗਾਂਦੇ ।
ਗੁਰੂ ਅੰਗਦ ਦੇਵ... ... ...

ਗੋਰਖ ਨੂੰ ਚਰਨੀ ਲਾਇਆ ਤੂੰ,
ਉਹਦੇ ਮਨ ਦਾ ਸ਼ੰਕਾ ਮਿਟਾਇਆ ਤੂੰ,
ਗੁਰਬਾਣੀ ਰਾਹੀ ਸਮਝਾਇਆ ਤੂੰ,
ਸਭ ਤੈਨੂੰ ਸੀਸ ਨਿਵਾਂਦੇ,
ਗੁਰੂ ਅੰਗਦ ਦੇਵ... ... ...

ਮੱਲ ਅਖਾੜਾ ਦੀਵਾਨ ਅਸਥਾਨ ਤੇਰਾ,
ਅੰਗੀਠਾ ਸਾਹਿਬ ਬਣਿਆ ਆਲੀਸ਼ਾਨ ਤੇਰਾ,
ਵਿਸ਼ਕਰਮਾਂ ਆ ਹੱਥੀਂ ਸੇਵ ਕਮਾਂਦੇ,
ਗੁਰੂ ਅੰਗਦ ਦੇਵ... ... ...

ਜਿਥੇ ਜਸ ਹਰੀ ਦਾ ਹੁੰਦਾ ਹੈ,
ਉਥੇ ਆਪ ਨਿਰੰਕਾਰ ਆਉਂਦਾ ਹੈ,
ਆ ਬਾਣੀ ਚਿ ਗੁਰੂ ਫਰਮਾਂਦੇ,
ਗੁਰੂ ਅੰਗਦ ਦੇਵ ਤੇਰੀ ਜੈ ਹੋਵੇ ।



Digitized by Panjab Digital Library | www.panjabdigilib.org

# ਭੂਮਿਕਾ

ਗੁਰਸਿਖਾਂ ਦੇ ਜੀਵਨ ਨੂੰ ਉੱਚਾ ਤੇ ਸੁੱਚਾ ਬਣਾਉਣ ਵਿਚ ਗੁਰਦੁਵਾਰੇ ਚਾਨਣ ਮੁਨਾਰੇ ਦਾ ਕੰਮ ਕਰਦੇ ਹਨ।

'ਜਿਥੇ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥'

ਦੇ ਮਹਾਂਵਾਕ ਅਨੁਸਾਰ ਜਿਸ ਅਸਥਾਨ ਨੂੰ ਸਤਿਗੁਰਾਂ ਦੀ ਚਰਨ ਛੋਹ ਪ੍ਰਾਪਤ ਹੋਈ ਉਥੇ ਉਨ੍ਹਾਂ ਦੀ ਯਾਦ ਵਿਚ ਗੁਰਦੁਵਾਰੇ ਬਣ ਗਏ। ਸ਼ਰਧਾਲੂ ਯਾਤਰੂ ਜਦੋਂ ਅਜਿਹੇ ਤੀਰਥ ਅਸਥਾਨਾਂ ਦੀ ਯਾਤਰਾ ਕਰਦੇ ਹਨ ਤਾਂ ਉਨ੍ਹਾਂ ਦੇ ਮਨ ਵਿਚ ਉਥੋਂ ਦੇ ਧਾਰਮਿਕ ਅਸਥਾਨਾਂ ਦਾ ਇਤਿਹਾਸ ਜਾਨਣ ਦੀ ਲਾਲਸਾ ਪੈਦਾ ਹੁੰਦੀ ਹੈ।

ਉਪਰੋਕਤ ਮਨੋਰਥ ਨੂੰ ਮੁਖ ਰੱਖਕੇ ਕਵਿਤਾ ਰਾਹੀਂ ਛੋਟੀ ਜਿਹੀ ਪੁਸਤਕ ਦੇ ਰੂਪ ਵਿਚ ਸ੍ਰੀ ਖਡੂਰ ਸਾਹਿਬ ਦੇ ਇਤਿਹਾਸ ਬਿਆਨ ਕਰਨ ਦਾ ਉਪਰਾਲਾ ਕੀਤਾ ਗਿਆ ਹੈ, ਆਸ ਹੈ ਕਿ ਪ੍ਰੇਮੀ ਪਾਠਕ ਸਵੀਕਾਰ ਕਰਨਗੇ।

ਗੁਰੂ ਪੰਥ ਦਾ ਦਾਸ
ਬਾਵਾ ਅਮਰ ਸਿੰਘ ਤਰਿੱਣ 'ਜੋਗੀ'



Digitized by Panjab Digital Library | www.panjabdigilib.org

੧ ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਖਡੂਰ ਸਾਹਿਬ ਜੀ ਦਾ ਇਤਿਹਾਸ

ਸ੍ਰੀ ਖਡੂਰ ਸਾਹਿਬ ਸਿਖਾਂ ਦਾ ਉਹ ਮਹਾਨ ਧਾਰਮਿਕ ਅਸਥਾਨ ਹੈ ਜਿਥੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੇ ਜੀਵਨ ਦਾ ਵੱਡਾ ਹਿੱਸਾ ਬਤੀਤ ਕਰਕੇ ਸਿੱਖੀ ਨੂੰ ਪ੍ਰਫੁਲਤ ਕੀਤਾ ਸੀ।

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਜਨਮ ਮਤੇ ਦੀ ਸਰਾਂ ਜ਼ਿਲਾ ਫਿਰੋਜ਼ਪੁਰ (ਮੁਕਤਸਰ ਤੋਂ ੬ ਮੀਲ ਦੇ ਫਾਸਲੇ ਤੇ (ਵਸਾਖ ਸੁਦੀ ਏਕਮ ਦਿਨ ਸੋਮਵਾਰ ੧੫੬੧ ਬਿਕ੍ਰਮੀ ਵਾਲੇ ਦਿਨਨੂੰ ਹੋਇਆ। ਆਪ ਜੀ ਦਾ ਗੁਰਗਦੀ ਤੇ ਬਿਰਾਜਮਾਨ ਹੋਣ ਤੋਂ ਪਹਿਲਾਂ ਦਾ ਨਾਮ ਭਾਈ ਲਹਿਣਾ ਸੀ। ਆਪ ਦੇ ਪਿਤਾ ਜੀ ਦਾ ਨਾਮ ਫੇਰੂਮਲ ਜੀ ਤੇ ਮਾਤਾ ਜੀ ਦਾ ਨਾਮ ਮਾਤਾ ਦਇਆ ਕੌਰ ਸੀ। ਆਪ ਜੀ ਦੇ ਮਾਤਾ ਪਿਤਾ ਪਿੰਡ ਛਡਕੇ ਖਡੂਰ ਸਾਹਿਬ ਆ ਵਸੇ। ਉਥੇ ਹੀ ਲਹਿਣਾ ਜੀ ਦਾ ਵਿਆਹ ੧੬ ਮਘਰ ੧੫੭੬ ਬਿਕ੍ਰਮੀ ਨੂੰ ਸਿੱਖ ਇਤਿਹਾਸ ਦੀ ਪ੍ਰਸਿੱਧ ਇਸਤਰੀ ਬੀਬੀ ਖੀਵੀ ਜੀ ਨਾਲ ਹੋਇਆ। ਉਨ੍ਹਾਂ ਦੇ ਦੋ ਪੁਤਰ ਤੇ ਦੋ ਪੁਤਰੀਆਂ ਹੋਈਆਂ ਸਨ। ਪੁਤਰਾਂ ਦੇ ਨਾਮ ਬਾਬਾ ਦਾਤੂ ਜੀ ਤੇ ਬਾਬਾ ਦਾਸੂ ਜੀ ਅਤੇ ਸਪੁਤਰੀਆਂ ਦੇ ਨਾਮ ਬੀਬੀ ਅਮਰੋ ਜੀ ਤੇ ਬੀਬੀ ਅਨੋਖੀ ਜੀ ਸਨ। ਗੁਰੂ ਜੀ ਨੇ ਕੁਲ ੪੭ ਵਰ੍ਹੇ ੧੧ ਮਹੀਨੇ ੩ ਦਿਨ ਉਮਰ ਭੋਗੀ। ਆਪ ਚੇਤ ਸੁਦੀ ਚੌਥ ੧੬੦੯ ਬਿਕ੍ਰਮੀ ਨੂੰ ਅੰਮ੍ਰਿਤ ਵੇਲੇ ਸੱਚਖੰਡ ਨੂੰ ਚੱਲ ਵਸੇ। ਲਹਿਣਾ ਜੀ ਪਹਿਲੋਂ ਦੇਵੀ ਦੇ ਉਪਾਸ਼ਕ ਸਨ। ਖਡੂਰ ਸਾਹਿਬ ਆ ਕੇ ਉਨ੍ਹਾਂ ਨੂੰ ਭਾਈ ਜੋਧਾ ਜੀ ਕੋਲੋਂ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਦੀ ਲਗਨ ਲੱਗੀ ਤੇ ਉਹ ਗੁਰੂ ਨਾਨਕ ਸਾਹਿਬ ਦੇ ਲੜ ਅਜਿਹੇ ਲਗੇ ਕਿ ਗੁਰੂ ਦਾ ਅੰਗ ਗੁਰੂ ਦਾ ਰੂਪ ਹੀ ਹੋ ਗਏ। ਫਿਰ ਗੁਰੂ ਨਾਨਕ ਦੇਵ ਜੀ ਦੀ ਸੇਵਾ ਵਿਚ ਕਰਤਾਰਪੁਰ ਵਿਚ ਹੀ ਆ ਵਸੇ।

ਬਾਬਾ ਅਮਰ ਸਿੰਘ ਤਰਿੱਣ 'ਜੋਗੀ'

Digitized by Panjab Digital Library | www.panjabdigilib.org

੧ ਓ ਸਤਿਗੁਰ ਪ੍ਰਸਾਦਿ ॥

ਮੈਨੂੰ ਦੇ ਤਾਕਤ ਸਿਰਜਨਹਾਰ ਦਾਤਾ,
ਤੇਰੇ ਜੀਵਨ ਦਾ ਫੋਟੋ ਤਿਆਰ ਹੋ ਜਾਏ।
ਭੇਜ ਕਵਿਤਾ ਦੇ ਭੰਡਾਰ 'ਜੋਗੀ',
ਸੰਗਤ ਵਿਚ ਫਿਰ ਖੁਸ਼ੀ ਅਪਾਰ ਹੋ ਜਾਏ।
ਸੱਚ ਖੰਡ ਨਗਰੀ ਖਡੂਰ ਸਾਹਿਬ,
ਰਚਨਾ ਰਚੀ ਹੈ ਆਪ ਕਰਤਾਰ ਆ ਕੇ।
ਜਗਤ ਗੁਰੂ ਨਾਨਕ ਚਰਨ ਪਾਏ ਪਹਿਲੋਂ,
ਮਾਈ ਭਰਾਈ ਨੂੰ ਦਿਤਾ ਦੀਦਾਰ ਆਕੇ।
ਫਿਰ ਮੇਰੇ ਗੁਰੂ ਅੰਗਦ ਲਾਇਆ ਭਾਗ ਇਸਨੂੰ,
ਕਲਿਯੁਗੀ ਜੀਵਾਂ ਤੇ ਕੀਤਾ ਉਪਕਾਰ ਆਕੇ।
ਲਿਖੀ ਜਨਮ ਸਾਖੀ ਵਿਚ ਗੁਰਮੁਖੀ ਦੇ,
ਗੁਰ ਸਿੱਖੀ ਦਾ ਕੀਤਾ ਪ੍ਰਚਾਰ ਆ ਕੇ।
ਗੋਰਖ ਨਾਥ ਨੂੰ ਬ੍ਰਹਮ ਗਿਆਨ ਹੋਇਆ,
ਆਇਆ ਚੱਲ ਉਹ ਦਰਸ਼ਨ ਪਾਣ ਦੇ ਲਈ।
ਗਰੀਬੀ ਦੁਨੀਆਂ ਦੀ ਢੂੰਡਦਾ ਲੱਭ ਥੱਕਾ,
ਲੱਭੀ ਇਥੋਂ ਤੇ ਆਇਆ ਅਜ਼ਮਾਨ ਦੇ ਲਈ।
ਖਿੜੇ ਰਾਜੇ ਤਖ਼ਤ ਦੇ ਬਾਗ ਪ੍ਰਵਾਰ ਦੀਆਂ,
ਰਿਸ਼ਮਾਂ ਫੈਲੀਆਂ ਜਦ ਜ਼ਮੀਨ ਅਸਮਾਨ ਉਤੇ।
ਮਹਿਕ ਇਸਦੀ ਨੇ ਦੂਰ ਦੂਰ ਤਾਂਈ,
ਖੁਸ਼ਬੂਆਂ ਦਿਤੀਆਂ ਕੁਲ ਜਹਾਨ ਉਤੇ।
ਇਸ ਫੁਲਵਾੜੀ ਚੋਂ ਇਕ ਰੱਬੀ ਅਵਤਾਰ ਹੋਇਆ,
ਸੂਰਤ ਜਾਪਦੀ ਉਹਦੀ ਭਗਵਾਨ ਉਤੇ।
ਦੇਵ ਲੋਕ ਤੋਂ ਦੇਵਤੇ ਕੁਲ ਆਏ,
ਗਦ ਗਦ ਹੋ ਰਹੇ ਹਨ ਸ਼ਕਤੀਵਾਨ ਉਤੇ।



Digitized by Panjab Digital Library | www.panjabdigilib.org

ਬਾਬਾ ਲਹਿਣਾ ਜੀ ਗੁਰੂ ਅੰਗਦ ਦੇਵ ਹੋ ਕੇ,
ਆ ਵਿਚ ਖਡੂਰ ਨਿਵਾਸ ਕੀਤਾ।
ਜਿਥੇ ਜੋਗੀ ਸੀ ਦੰਭ ਰਚਾਈ ਬੈਠਾ,
ਆ ਸੱਚਦਾ ਉਥੇ ਪ੍ਰਕਾਸ਼ ਕੀਤਾ।
ਸੀ ਜ਼ਾਹਿਰਾ ਕਰਾਮਾਤ ਗੁਰੂ ਦਰਸ਼ਨਾਂ ਵਿਚ,
ਦਰਸ਼ਨ ਕਰਦਿਆਂ ਰੋਗ ਸੀ ਦੂਰ ਹੁੰਦੇ।
ਸਚੇ ਦਿਲੋਂ ਜੋ ਉਹਨੂੰ ਧਿਆਂਵਦੇ ਨੇ,
ਉਹ ਵਿਚ ਦਰਗਾਹ ਮਨਜ਼ੂਰ ਹੁੰਦੇ।
ਮਲੂਕੇ ਚੌਧਰੀ ਜਿਹੇ ਗਿਰੇ ਅਖਲਾਕ ਵਾਲੇ,
ਪਲਾਂ ਵਿਚ ਵੇਖੇ ਚਕਨਾਚੂਰ ਹੁੰਦੇ।
ਉਹਦੇ ਨਾਮ ਵਿਚ ਰਤੇ ਗਏ ਜਿਹੜੇ,
ਬੇੜੇ ਉਹਨਾਂ ਦੇ ਪਾਰ ਜ਼ਰੂਰ ਹੁੰਦੇ।
ਬਾਜ਼ੀ ਉਹਨਾਂ ਦੀ ਜਿਤ ਕੇ ਹਾਰਦੀ ਹੈ,
ਜਿਹੜੇ ਗੁਰੂ ਘਰ ਆ ਮਗਰੂਰ ਹੁੰਦੇ।
ਜਿਹੜੇ ਨਿਉਂ ਕੇ ਸ਼ਰਨ ਆ ਲੈਣ ਗੁਰ ਦੀ,
ਕਸ਼ਟ ਉਹਨਾਂ ਦੇ ਝਟ ਹੀ ਦੂਰ ਹੁੰਦੇ।
ਹਰ ਰੋਜ਼ ਗੁਰੂ ਜੀ ਇਸ਼ਨਾਨ ਕਰਕੇ,
ਮਲ ਅਖਾੜੇ ਦੀਵਾਨ ਸਜਾਂਵਦੇ ਸਨ।
ਜਿਸ ਵੀਹ ਵਿਚ ਦੀ ਹੁੰਦਾ ਗੁਜ਼ਰ ਗੁਰੂ ਦਾ,
ਰੋਗੀ ਆ ਅਗੋਂ ਡੇਰੇ ਲਾਂਵਦੇ ਸਨ।
ਨਜ਼ਰ ਮੇਹਰ ਕਰ ਜਿਸ ਵੱਲ ਤੱਕਦੇ ਸਨ,
ਦੁੱਖ ਦੁਖੀਆਂ ਦੇ ਮਿਟ ਜਾਂਵਦੇ ਸਨ।
ਐਸੇ ਦਿਆਲੂ ਗੁਰੂ ਦੇ ਦਰਸ਼ਨਾਂ ਨੂੰ,
ਦੂਰੋ ਦੂਰੋਂ ਦੁਖੀ ਚਲ ਆਂਵਦੇ ਸਨ।
ਸੀਤਲ ਚਿਤ ਨਾਲ ਮਨ ਨੂੰ ਠਾਰਦੇ ਸਨ,
ਜਾਨਣ ਹਾਰ ਉਹ ਦਿਲਾਂ ਦੀਆਂ ਜਾਣਦੇ ਸਨ।



Digitized by Panjab Digital Library | www.panjabdigilib.org

'ਜੋਗੀ' ਕੀ ਕੀ ਗੁਣ ਮੈਂ ਗਿਣ ਦੱਸਾਂ,
ਭਲਾ ਸਾਰੇ ਸੰਸਾਰ ਦਾ ਚਾਹੁੰਦੇ ਸ਼ਨ।

## ਗੁਰੂ ਨਾਨਕ ਜੀ ਨਾਲ ਮਿਲਾਪ

ਇਕ ਦਿਨ ਨਾਨਕ ਜੀ ਖਡੂਰ ਆਏ ਹੋਏ,
ਚਰਨ ਭਰਾਈ ਦੇ ਉਨ੍ਹਾਂ ਪਾਏ ਹੋਏ।
ਸਬੱਬੀ ਲਹਿਣਾ ਜੀ ਵੀ ਹੈ ਸਨ ਆਏ ਹੋਏ,
ਜੋ ਦੇਵੀ ਚੰਦ ਬੰਸੀ ਘਰ ਵਿਆਹੇ ਹੋਏ।
ਉਨ੍ਹਾਂ ਦਾ ਮਿਲਾਪ ਗੁਰੂ ਨਾਨਕ ਨਾਲ ਹੋਇਆ ਜ਼ਰੂਰ,
ਮਗਰ ਉਹ ਸਮਾਂ ਆਣ ਵਾਲਾ ਹੈਗਾ ਸ਼ੀ ਦੂਰ।
ਅੱਜ ਉਹ ਸੰਗ ਨਾਲ ਦੇਵੀ ਦੇ ਹੋਏ ਤਿਆਰ ਸ਼ਨ,
ਫਿਰ ਮਿਲਨੇ ਦਾ ਕਰਦੇ ਇਕਰਾਰ ਸਨ।
ਗੁਰੂ ਨਾਨਕ ਸਿਧੇ ਗਏ ਸਨ ਕਰਤਾਰ ਪੁਰ,
ਅਗੋਂ ਸੰਗ ਵੀ ਗਿਆ ਸੀ ਦੇਵੀ ਨੂੰ ਤੁਰ।
ਸਬੱਬੀ ਰਸਤਾ ਉਹੀ ਸੀ ਸੰਗ ਜਾਣਦਾ,
ਸੰਗ ਜਾ ਰਿਹਾ ਸੀ ਰੰਗ ਮਾਣਦਾ।
ਜਦ ਕਰਤਾਰ ਪੁਰ ਆਇਆ ਨੇੜੇ ਜ਼ਰੀ,
ਤੱਦ ਲਹਿਣੇ ਦੇ ਦਿਲ ਵਿਚ ਫੁਰਨਾ ਫੁਰੀ।
ਇਥੇ ਨਾਨਕ ਤਪੇ ਦਾ ਨਿਵਾਸ ਹੈ,
ਮੇਰੇ ਦਿਲ ਵਿਚ ਮਿਲਨੇ ਦੀ ਆਸ ਹੈ।
ਲਹਿਣਾ ਜੀ ਘੋੜੇ ਤੇ ਅਸਵਾਰ ਸਨ,
ਜਾਨੀ ਉਹ ਸੰਗ ਵਾਲਿਆਂ ਦੇ ਜਥੇਦਾਰ ਸਨ।
ਅੱਗੇ ਨਾਨਕ ਜੀ ਤੁਰ ਪਏ ਦਰਬਾਰ ਚੋਂ,
ਰਸਤੇ ਚ ਮੇਲ ਹੋ ਗਿਆ ਆਪੋ ਵਿਚਕਾਰ ਚੋਂ।
ਲਹਿਣਾ ਪੁਛਦਾ ਹੈ ਨਾਨਕ ਤਪਾ ਹੈ ਜਹੀਂ,
ਆਏ ਮਿਲਨੇ ਹੈ ਹਮ ਉਨ ਕੋ ਯਹੀਂ।



Digitized by Panjab Digital Library | www.panjabdigilib.org

ਗੁਰੂ ਕਹਿਤੇ ਹੈ ਆਉ ਮੇਰੇ ਨਾਲ ਤੁਮ,
ਜਹਾਂ ਰਹਿਤੇ ਹੈ ਨਾਨਕ ਬਤਾਤੇ ਹੈਂ ਹਮ।
ਨਜ਼ਦੀਕ ਪਹੁੰਚੇ ਗੁਰੂ ਜੀ ਫਰਮਾ ਰਹੇ,
ਜ਼ਰਾ ਠਹਿਰੋ ਯਹੀਂ ਹਮ ਭਜਵਾ ਰਹੇ।
ਇਕ ਆਂ ਸੇਵਕ ਕਿਹਾ ਗੁਰੂ ਬੁਲਾ ਰਹੇ,
ਕਿਆ ਆਪ ਹੀ ਉਨੇ ਮਿਲਨੇ ਆ ਰਹੇ ?
ਹਾਂ, ਮੈਂ ਹੀ ਤਯਾ ਜੀ ਕੋ ਮਿਲਨਾ ਜਰੂਰ,
ਦਰਸ਼ ਮਹਾਂ ਪੁਰਖੋਂ ਕਾ ਕਰਨਾ ਜਰੂਰ।
ਅੰਦਰ ਗਏ ਤੋ ਹੈਰਾਨ ਹੋ,
ਪੁਛਤੇ ਹੈ ਬੜੇ ਪਰੇਸ਼ਾਨ ਹੋ।
ਮੁਝੇ ਮੁਆਫੀ ਦਿਉ, ਚਾ ਖਨਾਮੀ ਹੁਈ,
ਆਪ ਕੀ ਜਾਨੀ ਮੁਝ ਸੇ ਅਪਮਾਨੀ ਹੋਈ।
ਆਪ ਪੈਦਲ ਚਲੇ ਹਮ ਅਸਵਾਰ ਥੇ,
ਨਹੀਂ ਥਾ ਪਤਾ ਆਪ ਅਵਤਾਰ ਥੇ।
ਗੁਰੂ ਕਹਿਤੇ ਹੈ ਅਕਸਰ ਲਹਿਨੇ ਦਾਰ ਜੀ,
ਆਤੇ ਹੈ ਹੋਕੇ ਅਸਵਾਰ ਜੀ।
ਨਾਮ ਪੂਛਾ ਤੋ ਕਹਿਤੇ ਹੈ ਲਹਿਣਾ ਮੇਰਾ,
ਕਿਹਾ ਹਮਨੇ ਭੀ ਕੁਛ ਹੈ ਦੇਣਾ ਤੇਰਾ।
ਓਸ ਦਿਨ ਲਹਿਣਾ ਰਹੇ ਗੁਰੂ ਪਾਸ ਥੇ,
ਕੁਛ ਸੇਵਾ ਹੈ ਕਰਣੀ ਰਖਤੇ ਆਸ ਥੇ।
ਸੁਭਾ ਜਾਣੇ ਕੋ ਲਹਿਣਾ ਤਿਆਰ ਹੋ,
ਉਠੇ ਕੌਤਕ ਜੋ ਦੇਖਾ ਸਵੇਰ ਸਾਰ ਕੋ।
ਝਾੜੂ ਦੇ ਰਹੀ ਕੋਈ ਮੁਟਿਆਰ ਹੈ,
ਖੁਦ ਘੜੀ ਉਹਦੀ ਸੂਰਤ ਕਰਤਾਰ ਹੈ।
ਓਨੇ ਸੂਏ ਰੰਗ ਕਪੜੇ ਪਾਏ ਹੋਏ ਨੇ,
ਯਾਨੀ ਭਗਵਾਨ ਉਹਦੇ ਮਨ ਵਿਚ ਸਮਾਏ ਹੋਏ ਨੇ।



Digitized by Panjab Digital Library | www.panjabdigilib.org

ਲਹਿਣੇ ਪੂਛਾ ਕੌਣ ਹੈ ਤੂੰ ਦੇਵੀ ਪਰੀ,
ਜੋ ਦਰਬਾਰ ਮੇ ਆ ਕੇ ਸੇਵਾ ਕਰੀ।
ਜਿਸ ਦੇਵੀ ਦੇ ਦਰਸ਼ਨ ਨੂੰ ਜਾਂਦਾ ਹੈ ਤੂੰ,
ਜਿਹਦੀਆਂ ਸੁਖਨਾਂ ਚਾਹ ਮੁਨਾਂਦਾ ਵੇ ਤੂੰ।
ਇਥੋਂ ਸੇਵਾ ਕਰ ਵਰ ਪਾਂਦੀ ਹਾਂ ਮੈਂ,
ਜਾ ਭਗਤਾਂ ਦੇ ਤਾਈਂ ਵਰਤਾਦੀ ਹਾਂ ਮੈਂ।
ਅਲੋਪ ਹੋ ਗਈ ਉਹ ਗਲ ਕਰਦਿਆਂ.
ਚਲੀ ਗਈ ਉਹ ਮਸਲਾ ਹਲ ਕਰਦਿਆਂ।
ਲਹਿਣਾ ਸੰਗ ਤਾਈਂ ਆ ਕਹਿੰਦਾ ਪਿਆ,
ਤੁਸੀਂ ਜਾਉ ਆਗੇ ਮੈਂ ਰਹਿੰਦਾ ਪਿਆ।
ਮੈਂ ਗੁਰੂ ਨਾਨਕ ਦੀ ਸੇਵਾ ਕਮਾਂਵਾਗਾ ਹੁਣ,
ਹੋਰ ਕਿਸੇ ਤਾਂਈਂ ਪੂਜਣ ਨਾ ਜਾਵਾਂਗਾ ਹੁਣ।
ਇਥੋਂ ਸੇਵਾ ਕਰ ਦੇਵੀ ਵਰ ਪਾਂਦੀ ਜਿਹੜੀ,
ਜਾ ਭਗਤਾਂ ਦੇ ਤਾਂਈ ਵਰਤਾਂਦੀ ਜੇਹੜੀ।
ਉਸ ਦੇਵੀ ਨੂੰ ਪੂਜਣ ਮੈਂ ਜਾਂਦਾ ਨਹੀਂ,
ਅੱਗੇ ਤੋਂ ਮੈਂ ਸੰਗ ਨਾਲ ਆਉਂਦਾ ਨਹੀਂ।
ਕੁਝ ਸਮੇਂ ਬਾਦ ਲਹਿਣੇ ਦੇ ਦਿਲ ਵਿਚ ਆਈ
ਪਿੰਡ ਜਾ ਕੇ ਆਪਣੇ ਕੁਝ ਕਰੀਏ ਕਮਾਈ।
ਕਮਾਈ ਕਰ ਉਸ ਚੋਂ ਬਚਾਵਾਂਗੇ ਫਿਰ,
ਆ ਭੇਟਾ ਗੁਰੂ ਦੀ ਚੜ੍ਹਾਵਾਂਗੇ ਫਿਰ।
ਕੁਝ ਚਿਰਾਂ ਬਾਦ ਲਹਿਣਾ ਹੋ ਤਿਆਰ ਫਿਰ;
ਕਰ ਆਈਏ ਨਾਨਕ ਦੀ ਸੇਵਾ ਕਾਰ ਫਿਰ।
ਮਿਠਾ, ਲੂਣ, ਚਾਵਲ ਆਟਾ ਲਈਯਾ,
ਫਿਰ ਵਲ ਕਰਤਾਰ ਪੁਰ ਤਿਆਰਾ ਕੀਆ।
ਪੈਂਡਾ ਮੁਕਾ ਫਿਰ ਪਹੁੰਚੇ ਵਹਾਂ,
ਦਰਬਾਰ ਗੁਰ ਕਾ ਲਗਤਾ ਜਹਾਂ।



Digitized by Panjab Digital Library | www.panjabdigilib.org

ਮਾਤਾ ਸੇ ਪੂਛਾ ਗੁਰੂ ਨਾਨਕ ਕਹਾਂ,
ਇਸ਼ਾਰਾ ਕੀਆ ਬਾਹਰ ਝੋਨਾ ਜਹਾਂ।
ਆਪ ਲਾਦੀਨ ਕੇ ਪੌਦੇ ਨਿਕਲਵਾ ਰਹੇ ਹੈਂ,
ਸਾਥ ਦੋਨੋਂ ਸਾਹਿਬਜ਼ਾਦੇ ਫਰਮਾ ਰਹੇ ਹੈਂ।
ਪੰਡ ਰੱਖ ਕੇ ਲਹਿਣਾ ਜੀ ਖੇਤੋਂ ਮੇਂ ਜਾ,
ਅਨੰਦ ਕੁਸ਼ਲ ਪੂਛਾ ਬਾਬੇ ਸੇ ਜਾ।
ਲਾਦੀਨ ਕੇ ਬੂਟੋ ਕੀ ਪੰਡ ਬਾਂਦ ਕਰ,
ਹੈ ਸੀ ਰੱਖੀ ਗੁਰਾਂ ਨੇ ਜਾਣ ਕਰ।
ਕਹਾ ਸ੍ਰੀ ਚੰਦ ਲਛਮੀ ਚੰਦ ਉਠਾਓ ਇਸੇ,
ਜਲਦੀ ਜਲਦੀ ਘਰ ਮੇਂ ਪਹੁੰਚਾਉ ਇਸੇ।
ਕਿਸੀ ਸੇਵਕ ਕੋ ਪਿਤਾ ਜੀ ਹੁਕਮ ਚਾ ਕਰੋ,
ਹੈਂ ਕੀਚੜ ਸੇ ਭੀਗੇ ਨਾ ਜਲਦੀ ਕਰੋ।
ਇਸ਼ਾਰਾ ਥਾ ਕਾਫੀ ਲੀ ਲਹਿਣੇ ਉਠਾ,
ਘਰ ਲੈ ਗਏ ਜਹਾਂ ਥਾ ਹੁਕਮ ਗੁਰੂ ਕਾ।
ਦੇਖ ਮਾਤਾ ਜੀ ਕਹਿਣੇ ਲਗੇ ਅੰਤਰਜਾਮੀ,
ਕੀਯਾ ਨਾ ਕਰੋ ਐਸੇ ਮੇਰੇ ਸੁਆਮੀ।
ਹੈ ਆਏ ਸੇਵਕੋਂ ਕਾ ਹੈ ਮਾਨ ਕਰਨਾ,
ਫਰਜ਼ ਆਪ ਕਾ ਹੈ ਧਿਆਨ ਕਰਨਾ।
ਕਿਆ ਅਛੇ ਪੁਸ਼ਾਕੇ ਏਨਾ ਪਾਏ ਹੋਏ ਥੇ,
ਦਰਸ਼ਨ ਖਾਤਰ ਆਪ ਜੀ ਕੇ ਆਏ ਹੁਏ ਥੇ।
ਯੇ ਕੀਚੜ ਸੇ ਹੋ ਗਏ ਦੇਖੋ ਖਰਾਬ,
ਆਏ ਦਾਸ ਕਾ ਕਰਨਾ ਚਾਹੀਏ ਅਦਾਬ।
ਨਾਨਕ ਜੀ ਕਹਿਤੇ ਸੁਣ ਪ੍ਰਮੇਸ਼ਰ ਦੀ ਪਿਆਰੀ,
ਯੇ ਪੰਡ ਜੋ ਉਠਾਈ ਹੈ ਛਤਰਧਾਰੀ।
ਯੇ ਤਰਲੋਕੀ ਕਾ ਮੁਕਟ ਇਨ੍ਹਾਂ ਪੈਨਾ ਹੁਵਾ ਹੈ,
ਇਸੇ ਕਾਰਣ ਇਨਕਾ ਯਹਾਂ ਆਣਾ ਹੁਵਾ ਹੈ



Digitized by Panjab Digital Library | www.panjabdigilib.org

ਯੇ ਕੀਚੜ ਕੇ ਛੀਂਟੇ ਨਹੀਂ ਕੇਸਰ ਪੜਾ ਹੈ,
ਤਾਜ ਤੀਨ ਲੋਗ ਕਾ ਸਿਰ ਪਰ ਪੜਾ ਹੈ।
ਸੁਣ ਬਚਨ ਜੇ ਮਾਤਾ ਸਹਿਮ ਗਈ ਸੀ,
ਕੁਝ ਚਿਰਾਂ ਲਈ ਪੈ ਵਿਚ ਵਹਿਮ ਗਈ ਥੀ।
ਆਪਣੇ ਬੰਸ ਕਾ ਭੀ ਰਖਣਾ ਖਿਆਲ ਥਾ ਜੀ,
ਲੱਖਮੀ ਚੰਦ ਸ੍ਰੀ ਚੰਦ ਦੇ ਬਾਲ ਕਾ ਜੀ।
ਸੁਣ ਪ੍ਰਮੇਸ਼ਰ ਕੀ ਪਿਆਰੀ ਜੇ ਦੁਨੀਆਂ ਦਾਰੀ ਕੀ ਬਾਤ,
ਪਾ ਜ਼ਰਾ ਗੈਰਾਂ ਦੇ ਬਚਿਆਂ ਵੱਲ ਝਾਤ।
ਕੀ ਹੁਨ ਉਹ ਰੋਂਦੇ ਕੁਰਲਾਂਦੇ ਪਏ ਨੇ,
ਹੁਕਮਰਾਨਾਂ ਹਥੋਂ ਉਹ ਦੁਖ ਪਾਂਦੇ ਪਏ ਨੇ।
ਕਰੇਂ ਤੂੰ ਆਪਣੇ ਦੋ ਬੱਚਿਆਂ ਦਾ ਜਿਕਰ,
ਮੈਨੂੰ ਹੈ ਸਾਰੇ ਜੱਗ ਦੇ ਬਚਿਆਂ ਦਾ ਫਿਕਰ।
ਅੱਜ ਮਜ਼ਲੂਮਾਂ, ਨਾਥਾਂ ਦੀਆਂ ਹਾਈਂ ਨਿਕਲ ਕੇ,
ਦਰਗ੍ਹਾ ਪਹੁੰਚੀਆਂ ਨੇ ਢਾਹੀਂ ਨਿਕਲ ਕੇ।
ਮੈਂ ਦੁਖਾਂ ਵਿਚ ਪਾ ਕੇ ਆਪ ਤਾਈਂ,
ਦੂਰ ਚਾ ਕਰਾਂਗਾ ਸੰਤਾਪ ਤਾਈਂ।
ਮੈਂ ਗੁਲਾਮਾਂ ਦੀ ਥਾਂ ਖੁਦ ਗੁਲਾਮ ਹੋ ਕੇ,
ਰਵ੍ਹੇਲ ਖੰਡ ਵਿਚ ਖੁਦ ਨਿਲਾਮ ਹੋ ਕੇ।
ਦੁਨੀਆਂ ਨੂੰ ਬੁਰਾਈਆਂ ਤੋਂ ਹੈ ਹਟਾਣਾ,
ਅਤਿਆਚਾਰ ਭੈੜੀਆਂ ਵਾਦੀਆਂ ਤੋਂ ਬਚਾਣਾ।
ਉਸ ਪ੍ਰਮਾਤਮਾ ਦਾ ਮਿਲਿਆ ਇਲ਼ਹਾਮ ਜੋ ਹੈ,
ਆਉਂਦਿਆ ਤਾਈਂ ਦਿਤਾ ਪੈਗਾਮ ਜੋ ਹੈ।
ਮੇਰਾ ਕਾਮ ਹੈ ਉਹ ਹਰ ਸੂ ਪਹੁੰਚਾਣਾ,
ਜਿਧਰ ਹੁਕਮ ਕਾਦਰ ਫਰ ਜੂ ਜਾਣਾ।
ਹੋਗੀ ਪੂਜਾ ਇਨ੍ਹਾਂ ਕੀ ਮੇਰਾ ਬੰਸ ਜਾਣ ਕਰ,
ਜਾਨਣਗੇ ਲੋਕੀ ਗੁਰੂ ਅੰਸ ਮਾਨ ਕਰ।



Digitized by Panjab Digital Library | www.panjabdigilib.org

ਏਨਾ ਚਿ ਰਿਧੀਆਂ ਸਿਧੀਆਂ ਹੋ ਸਨ ਜਰੂਰ,
ਜੇਕਰ ਆਇਆ ਨਾ ਇਨ੍ਹਾਂ ਚਿ ਜਾਣੋ ਗਰੂਰ।
ਗੁਰੂ ਘਰ ਚਿ ਇਹ ਇਜ਼ਤ ਮਾਨ ਪਾਵਣ,
ਸਿਖੀ ਸੇਵਕੀ ਆਪਣੀ ਚਾ ਵਧਾਵਣ।
ਜੋ ਕਰਮਾਂ ਅਪਰਾਧਾਂ ਤੋਂ ਬਚ ਕੇ ਚਲਣਗੇ,
ਵਧਣਗੇ ਬਥੇਰੇ ਜਾਣੀ ਫਲਣਗੇ।
ਕਿਸੇ ਛੈ ਦੀ ਤੋਟ ਆਉ ਨਾ ਹਰਗਿਜ਼,
ਵਾਕ ਖਾਲੀ ਇਨਾ ਦਾ ਜਾਉ ਨਾ ਹਰਗਿਜ਼।
ਫਿਕਰ ਨਾ ਚੌਨੀ ਦਿਲ ਮੇ ਕਰੋ ਤੂੰਮ,
ਵਾਹਿਗੁਰੂ ਅਕਾਲ ਪੁਰਖ ਪਰ ਭਰੋਸਾ ਧਰੋ ਤੂੰਮ।
ਬਹੁਤ ਔਖੇ ਪਰਚੇ ਲਹਿਣੇ ਨੂੰ ਪਾਏ ਗਏ ਸਨ,
ਹਰ ਥਾਂ ਲਖਮੀ ਚੰਦ ਸ੍ਰੀ ਚੰਦ ਅਜਮਾਏ ਗਏ ਸਨ।
ਆਖਰੀ ਪ੍ਰਿਖਿਆ ਮੁਰਦੇ ਦੀ ਆਈ,
ਖਾਉ ਚਾ ਇਸੇ ਗੁਰਾਂ ਬਾਤ ਏ ਸੁਨਾਈ।
ਇਸ ਬਾਰ ਸਭ ਜਾ ਬੈਠੇ ਸੀ ਦੂਰ,
ਹੱਥ ਜੋੜ ਲਹਿਣੇ ਕਿਹਾ ਸੀ ਹਜ਼ੂਰ।
ਕਿਸ ਤਰਫ਼ੋ ਖਾਵਾਂ ਫੁਰਮਾਉ ਹਜ਼ੂਰ,
ਕਰਨਾ ਨਾ ਦਾਸ ਨੂੰ ਅਖਾਂ ਤੋਂ ਦੂਰ।
ਪਾਉਂ ਤਰਫ ਖਾਉ ਹੁਕਮ ਕਰ ਦੀਆ,
ਲਹਿਣਾ ਤਾਂ ਜੁਬਾਂ ਸੇ ਸਤ ਬਚਨ ਕਰਦੀਆਂ।
ਚਾਦਰ ਉਠਾਈ ਲਹਿਣੇ ਦੇਖਾ ਵਹਾਂ,
ਕੜਾਹ ਪ੍ਰਸ਼ਾਦ ਕਾ ਢੇਰ ਲੱਗਾ ਵਹਾਂ।
ਫਿਰ ਗੁਰੂ ਨਾਨਕ ਜੀ ਖੁਸ਼ੀ ਵਿਚ ਆਏ ਹੋਏ,
ਘੁਟ ਲਹਿਣੇ ਨੂੰ ਅੰਗ ਨਾਲ ਲਾਏ ਹੋਏ।
ਮੇਰੇ ਅੰਗ ਚੋਂ ਨਿਕਲ ਇਹ ਅੰਗਦ ਬਣਾ,
ਲਹਿਣਾ ਹੱਕਦਾਰ ਗੱਦੀ ਦਾ ਚੁਣਾ।



Digitized by Panjab Digital Library | www.panjabdigilib.org

ਅੱਗੇ ਨਰੇਲ ਪੰਜ ਪੈਸੇ ਰੱਖ ਕੇ ਹਜ਼ੂਰ,
ਦਿਤਾ ਟੇਕ ਮੱਥਾ ਜੋ ਹੈਗਾ ਦਸਤੂਰ।
ਅੱਜ ਗੁਰੂ ਅੰਗਦ ਗੁਰਗੱਦੀ ਦਾ ਮਾਲਕ ਹੂਵਾ,
ਸੰਸਾਰ ਦਾ ਇਹ ਪ੍ਰਿਤਪਾਲਕ ਹੂਵਾ।
ਖਡੂਰ ਖਹਿਰਿਆਂ ਦੇ ਜਾ ਕਰੋ ਨਿਵਾਸ,
ਉਸ ਧਰਤੀ ਮੇਂ ਜਾ ਕਰ ਕਰੋ ਪ੍ਰਕਾਸ਼।
ਬਾਣੀ ਵਾਹਿਗੁਰੂ ਕੀ ਸਭ ਕੋ ਜੁਪਾਣਾ,
ਗੁਰਸਿੱਖੀ ਕਾ ਪ੍ਰਚਾਰ ਕਰਕੇ ਵਿਖਾਣਾ।
ਗੁਰਮੁਖੀ ਦੇ ਅੱਖਰ ਪੈਂਤੀ ਬਣਾ ਕਰ,
ਗੁਰਬਾਣੀ ਕੋ ਇਨ ਅੱਖਰੋਂ ਮੇ ਲਿਖਾਣਾ।
ਕਲਿਜੁਗੀ ਜੀਵੋਂ ਕਾ ਉਧਾਰ ਕਰਨਾ,
ਨਜਰ ਮੇਹਰ ਕਰਕੇ ਉਪਕਾਰ ਕਰਨਾ।
ਯਹਾਂ ਪਰ ਰਹੋ ਈਰਖਾ ਮੇਂ ਪੜੋਗੇ,
ਸ੍ਰੀ ਚੰਦ, ਲੱਛਮੀ ਚੰਦ ਕੀ ਬਾਤੇ ਜ਼ਰੋਗੇ।
ਪਖੰਡੀ ਜੋ ਯੋਗੀ ਰਹਿਤਾ ਵਹਾਂ ਹੈ (ਖਡੂਰ ਸਾਹਿਬ)
ਉਲਟੇ ਪਾਸੇ ਲੋਗੋਂ ਕੋ ਪਾਤਾ ਵਹਾਂ ਹੈ।
ਉਸ ਪਮੇਸ਼ਰ ਨੂੰ ਦਿਲ ਚੋਂ ਭੁਲਾਇਆ ਹੋਆ ਹੈ,
ਦੰਭ ਬੜਾ ਉਸ ਰਚਾਇਆ ਹੋਆ ਹੈ।
ਉਸ ਭੋਰਾ ਇਕ ਜ਼ਿਮੀ ਵਿਚ ਪੱਕਾ ਬਣਾਇਆ,
ਜੰਤਰਾਂ ਮੰਤਰਾਂ ਨਾਲ ਜੱਗ ਨੂੰ ਡਰਾਇਆ।
ਤੁਸੀਂ ਜਾਉਗੇ ਈਰਖਾ ਉਸ ਕਰਨੀ ਜ਼ਰੂਰੀ,
ਤੁਹਾਥੋਂ ਬਿਨਾਂ ਗੱਲ ਉਹ ਜਾਪੇ ਅਧੂਰੀ।
ਤੁਹਾਡੇ ਰਹਿਵਨੇ ਵਿਚ ਉਹ ਸੜੇਗਾ ਬਲੇਗਾ,
ਦਵੈਖ ਦੀ ਭੱਠੀ ਵਿਚ ਪੈ ਕੇ ਮਰੇਗਾ।
ਕਹੁ ਗੁਰੂ ਗ੍ਰਿਹਸਥੀ ਬਨਾਣਾ ਪਾਪ ਬਹੁਤਾ,
ਮਿਲਦਾ ਦੋ ਜਹਾਨੀ ਵਿਚ ਸੰਤਾਪ ਬਹੁਤਾ।



Digitized by Panjab Digital Library | www.panjabdigilib.org

ਫਿਰ ਚਾ ਕਹੁਗਾ ਮੀਂਹ ਚਾ ਪਵਾਵੇ,
ਨਹੀਂ ਜੇ ਪਵਾਨਾ ਪਿੰਡ ਛੱਡ ਜਾਵੇ।
ਫਿਰ ਹੋਨੀ ਉਸ ਦੇ ਸਿਰ ਤੇ ਕੂਕੇਗੀ ਆਕੇ,
ਮੌਤ ਉਹਦੇ ਗਿਰਦੇ ਸ਼ੂਕੇਗੀ ਆ ਕੇ।
ਫਿਰ ਉਥੋਂ ਸ਼ੁਰੂ ਚਾ ਅਪਾਦੀ ਹੋਵੇਗੀ,
ਏਸੇ ਕਾਰਣ ਉਸਦੀ ਬਰਬਾਦੀ ਹੋਵੇਗੀ।
ਗੁਰੂ ਅੰਗਦ ਜੀ ਆ ਖਡੂਰ ਡੇਹਰਾ ਲਗਾਇਆ,
ਕੁਲ ਸਿੱਖ ਸੇਵਕ ਦਰਸ਼ਨ ਨੂੰ ਆਇਆ।
ਮਾਈ ਭਰਾਈ ਦੇ ਘਰ ਇਕ ਕੋਠੇ ਜਾ ਅੰਦਰ,
ਸਮਾਧੀ ਲਗਾ ਗੁਰੂ ਜਾ ਬੈਠਾ ਅੰਦਰ।
ਮਾਈ ਨੂੰ ਕਿਹਾ ਬਾਹਰ ਜੰਦਰਾ ਚਾ ਲਗਾਓ,
ਕਿਸੇ ਤਾਈਂ ਪਤਾ ਨਾ ਹਮਾਰਾ ਬਤਾਓ।
ਛੇ ਮਹੀਨੇ ਛੇ ਦਿਨ ਸਮਾਧੀ ਲਗਾਈ,
ਸੰਗਤ ਬਾਬੇ ਬੁਡੇ ਸੰਗ ਦਰਸ਼ਨ ਨੂੰ ਆਈ।
ਬਾਬਾ ਗੁਰੂ ਨਾਨਕ ਪਿਛੋਂ ਕਰ ਗਏ ਚੜ੍ਹਾਈ,
ਸੰਗਤ ਗੁਰੂ ਲੱਭੇ ਨਾ ਪਤਾ ਲਗੇ ਭਾਈ।
ਮਾਈ ਭਰਾਈ ਦੇ ਸਿਧੇ ਘਰ ਜਾ ਕੇ,
ਪੁਛਦੇ ਨੇ ਬੈਠੇ ਕਿਥੇ ਸਮਾਧਾ ਲਗਾ ਕੇ।
ਮਾਈ ਬੋਲੇ ਨਾ ਮੂੰਹੋ ਨਜ਼ਰ ਕੋਠੇ ਨੂੰ ਮਾਰੇ,
ਸ਼ਬਦਾਂ ਦੀ ਘਨਘੋਰ ਪੈਂਦੀ ਸੀ ਸਾਰੇ।
ਬਾਬੇ ਬੁਢੇ ਨਿਗਾਹ ਵੱਲ ਕੋਠੇ ਦੇ ਮਾਰੀ,
ਕੀ ਹੋਵਨ ਐਸੇ ਅੰਦਰ ਬਾਤੇ ਵਿਚਾਰੀ।
ਜਿੰਦਰਾ ਤੋੜ ਕੋਠੇ ਨੂੰ ਖੋਲਾ ਥਾ ਉਹਨੋਂ ਨੇ,
ਤਾਂ ਦੇਖੀ ਸਮਾਧੀ ਲੱਗੀ ਹੋਈ ਸਭ ਨੇ।
ਢੋਲਕੀ ਛੈਨਿਆਂ ਦੀ ਅਵਾਜ ਕਾਰਣ,
ਬਾਣੀ ਸੰਗਤ ਰਹੀ ਹੈ ਮੁਖ ਚੋਂ ਉਚਾਰਣ।



Digitized by Panjab Digital Library | www.panjabdigilib.org

ਸ਼ਮਾਧੀ ਖੁਲੀ ਗੁਰਾਂ ਸੰਗਤ ਡਿਠੀ,
ਗੁਰਬਾਣੀ ਦੀ ਸੁਰ ਕੰਨੀ ਪਈ ਆ ਕੇ ਮਿਠੀ।
ਸਲੋਕ
ਜਿਸ ਪਿਆਰੇ ਸੇ ਨਿਉ ਤਿਸ ਆਗੇ ਮਰ ਚਲੀਐ
ਧ੍ਰਿਗ ਜੀਵਨ ਸੰਸਾਰ ਤਾਂ ਕੇ ਪਾਛੈ ਜੀਵਨਾ
ਸਾਡੀ ਗੁਰੂ ਨਾਨਕ ਦੇ ਚਰਨਾਂ ਵਿਚ ਬਿਰਤੀ ਲਗੀ ਹੋਈ ਸੀ,
ਉਹਦੇ ਰੰਗ ਵਿਚ ਸੁਰਤੀ ਲੱਗੀ ਹੋਈ ਸੀ।
ਹੱਥ ਜੋੜ ਬਾਬੇ ਬੁਢੇ ਕਿਹਾ ਸਤਿਗੁਰ ਜੀ,
ਸਾਨੂੰ ਪਤਾ ਲੱਗਾ ਸੀ ਜਾ ਕੇ ਕਰਤਾਰ ਪੁਰ ਜੀ।
ਆਪ ਖਡੂਰ ਖਹਿਰਿਆਂ ਦੇ ਆਏ ਹੋਏ ਹੋ,
ਮਾਈ ਭਰਾਈ ਘਰ ਸਮਾਧੀ ਲਗਾਏ ਹੋਏ ਹੋ।
ਗੁਰੂ ਸੰਗਤ ਬਹੁਤ ਵਿਆਕੁਲ ਫਿਰਦੀ ਪਈ ਸੀ,
ਗੁਰੂ ਕੇ ਦਰਸ਼ਨਾਂ ਬਾਝ ਮਰਦੀ ਪਈ ਸੀ।
ਦਰਸ਼ਨ ਬਾਹਰ ਸੰਗਤਾਂ ਨੂੰ ਆ ਕੇ ਦਿਓ ਜੀ,
ਗੁਰੂ ਉਪਦੇਸ਼ ਆਪਣੇ ਸਿਖਾਂ ਨੂੰ ਦਿਓ ਜੀ।
ਫਿਰ ਮੱਲ ਅਖਾੜੇ ਗੁਰਾਂ ਜਾ ਦੀਵਾਨ ਲਾਕੇ,
ਨਿਹਾਲ ਕੀਤਾ ਸੀ ਸੰਗਤ ਨੂੰ ਜਾ ਕੇ।
ਇਸ ਤਰ੍ਹਾਂ ਗੁਰੂ ਹਰ ਰੋਜ਼ ਕਰ ਇਸ਼ਨਾਨ ਪਾਣੀ,
ਸੰਗਤਾਂ ਤੇ ਕਰਦੇ ਗੁਰੂ ਮੇਹਰਬਾਨੀ।
ਦਰਸ਼ਨ ਕਰਨ ਗੁਰੂ ਦੇ ਨਿੱਤ ਆਉਂਦੇ ਸੀ ਲੋਕੀ,
ਮਨੋਂ ਕਾਮਨਾਂ ਫਲ ਪਾਉਂਦੇ ਸੀ ਲੋਕੀ।
ਹੰਮਾਯੂ ਮੁੜ ਤਖਤ ਪਾਵਨ ਸੀ ਆਇਆ,
ਭੁਲਾਂ ਆਪਣੀਆਂ ਨੂੰ ਬਖਸ਼ਾਵਣ ਸੀ ਆਇਆ।
ਮੇਰੀ ਜਿੰਦਗੀ ਗੁਰੂ ਜੀ ਰੁਲ ਹੋ ਗਈ ਹੈ,
ਤੋਬਾ ਮੇਰੀ ਮੈਥੋਂ ਭੁਲ ਹੋ ਗਈ ਹੈ।
ਬੈਂਤः—ਜੁੜਿਆ ਹੱਥ ਹੰਮਾਯੂ ਦਾ ਨਾਲ ਕਬਜ਼ੇ,



Digitized by Panjab Digital Library | www.panjabdigilib.org

ਨਜ਼ਰ ਹੋਈ ਜਦ ਰੱਬੀ ਅਵਤਾਰ ਦੀ ਹੈ।
ਆਣ ਫਕਰਾਂ ਤੇ ਵਾਰ ਕਰਨ ਲੱਗੋਂ,
ਤੇਰੀ ਜ਼ਿੰਦਗੀ ਕਿਹੜੀ ਭੀ ਕਾਰ ਦੀ ਹੈ।
ਸ਼ੇਰ ਸ਼ਾਹ ਨੂੰ ਪਿੱਠ ਵਖਾ ਭਜੋਂ,
ਤਾਕਤ ਵਖਾਈ ਇਸੇ ਤਲਵਾਰ ਦੀ ਹੈ।
ਜੇਹੜੇ ਸਤਾਂਵਦੇ ਰੱਬ ਦੇ ਬੰਦਿਆਂ ਨੂੰ,
ਬਾਜ਼ੀ ਉਨ੍ਹਾਂ ਦੀ ਜਿੱਤ ਕੇ ਹਾਰ ਦੀ ਹੈ।
ਹੱਥ ਜੋੜ ਕੇ ਭੁਲਾਂ ਬਖਸ਼ਾਵਦਾ ਹੈ,
ਤੂੰ ਬਖਸ਼ ਦੇ ਮੇਰੀ ਤਖਸੀਰ ਬਾਬਾ।
ਸੱਤ ਪੁਸ਼ਤ ਤਾਂਈ ਰਾਜ ਬਖਸ਼ਿਆ ਸੀ,
ਬਾਬਰ ਤਾਂਈ ਨਾਨਕ ਦਸਤਗੀਰ ਬਾਬਾ।
ਝੋਲੀ ਅੱਡੀ ਹੈ ਬਾਬਾ ਜੀ ਦਰ ਤੇਰੇ,
ਕਰ ਮੇਹਰ ਤੇ ਬੇੜਾ ਪਾਰ ਕਰਦੇ।
ਰਾਜ ਹਿੰਦ ਦਾ ਬਖਸ਼ ਹਜ਼ੂਰ ਮੁੜਕੇ,
ਆਪਣੇ ਸੇਵਕ ਦਾ ਬਾਬਾ ਉਧਾਰ ਕਰਦੇ।
ਘਰ ਮੇਹਰਾਂ ਚਿ ਆ ਗੁਰਾਂ ਵਾਕ ਕੀਤਾ,
ਹੰਮਾਯੂ ਕੁਝ ਸਮੇਂ ਬਾਦ ਫਤੇ ਪਾਏਂਗਾ ਤੂੰ।
ਮਿਲਸੀ ਹਿੰਦ ਦਾ ਰਾਜ ਜ਼ਰੂਰ ਤੈਨੂੰ,
ਉਪਰ ਦਿਲੀ ਫਿਰ ਝੰਡਾ ਝੁਲਾਏਂਗਾ ਤੂੰ।
ਇਹ ਗੁਰੂ ਨਾਨਕ ਦੀ ਬਖਸ਼ਸ਼ ਮੁਗਲ ਰਾਜ ਦੀ ਹੈ,
ਤਾਂਈਓਂ ਲਾਜ ਰੱਖਣੀ ਇਸ ਤਾਜ ਦੀ ਹੈ।
ਅਗੇ ਗੁਰੂ ਘਰ ਨਾਲ ਲਾਵਣਗੇ ਮੱਥਾ,
ਸਾਡੇ ਸੇਵਕਾਂ ਤੋਂ ਇਹ ਭਨਾਵਣਗੇ ਬੂਥਾ।
ਗੋਰਖ ਨਾਥ ਸਿਧਾਂ ਨਾਲ ਆਇਆ ਸੀ ਇਥੇ,
ਸ਼ੰਕਾ ਆਪਣਾ ਮਨ ਦਾ ਮਿਟਾਇਆ ਸੀ ਏਥੇ।
ਤੱਦ ਨਾਮ ਲੈ ਲੈਕੇ ਸਿਧਾਂ ਦਾ ਗੁਰਾਂ ਪੁਕਾਰਾ,



Digitized by Panjab Digital Library | www.panjabdigilib.org

ਆਦੇਸ਼ ਨਿਰੰਕਾਰ ਕੋ ਸਭ ਕੋ ਸਤਿਕਾਰਾ।
ਤੱਬ ਸਿੱਧਾਂ ਕੁਝ ਭੇਟਾ ਦੇਣੀ ਚਾਹੀ ਥੀ,
ਤੱਬ ਗੁਰੂ ਅੰਗਦ ਜੀ ਸਿੱਧਾਂ ਨੂੰ ਸਚ ਕਰਦਿਖਾਈ ਥੀ।
ਸਿਰਫ ਗੁਰੂ ਨਾਨਕ ਦੇ ਘਰ ਚਿ ਗਰੀਬੀ ਦਾਤ ਮਿਲਦੀ,
ਹੋਰ ਨਾ ਕਿਸੇ ਮਜਬ ਜਾਂ ਫਿਰਕੇ ਚਿ ਇਹ ਸਫਾਤ ਮਿਲਦੀ।
ਤੱਦ ਉਹ ਨਿਮਸ਼ਕਾਰ ਕਰਦੇ ਗੁਰੂ ਅੰਗਦ ਨੂੰ ਗਏ ਸਨ,
ਧੰਨ ਧੰਨ ਕਰਦੇ ਰਸ ਪੁਰੀਆਂ ਨੂੰ ਗਏ ਸਨ।


## ਗੁਰਦੁਵਾਰਾ ਸ੍ਰੀ ਦਰਬਾਰ ਸਾਹਿਬ
## ਅੰਗੀਠਾ ਸਾਹਿਬ

ਬੈਂਤ—ਗੁਰੂ ਅਗਦ ਦੇਵ ਜੀ ਦਾ ਸੋਹਣਾ ਦਰਬਾਰ ਢਿਠਾ,
ਰਚਨਾ ਰਚੀ ਹੋਈ ਨਿਰੰਕਾਰ ਦੀ ਏ।
ਡਿਉੜੀ ਦਰਸ਼ਨੀ ਦੇ ਕਲਸ ਮਰਾਬ ਸੋਹਣੇ,
ਘਾੜਤ ਘੜੀ ਸੋਹਣੀ ਚਿਤਰਕਾਰ ਦੀ ਏ।
ਅੱਗੇ ਚਲੀਏ ਸੋਹਣੇ ਨਿਸ਼ਾਨ ਦੋਵੇਂ,
ਸੰਗਤ ਨਿਉਂਦੀ ਨਾਲੇ ਸਤਿਕਾਰ ਦੀ ਏ।
ਕਿਲਾ ਸਾਹਿਬ ਜੀ ਦੇ ਪਹਿਲੇ ਹੋਣ ਦਰਸ਼ਨ,
ਅੱਗੇ ਸਮਾਧ ਅੰਗਦ ਨਿਰੰਕਾਰ ਦੀ ਏ।
ਕਿਲੇ ਸ਼ਾਹਿਬ ਦੇ ਹੋਣ ਦੀਦਾਰ ਜਦੋਂ,
ਧੰਨ ਗੁਰੂ ਅਮਰਦਾਸ ਗੁਰ ਰਸਨਾ ਚਤਾਰਦੀ ਏ।
ਸੰਗੇ ਮਰਮਰੀ ਪੈੜੀਆਂ ਚੜ੍ਹ ਜਾਈਏ,
ਧੂਨੀ ਰੂਹਾਈ ਦੀ ਸਤਿਕਰਤਾਰ ਦੀ ਏ।
ਇਤਿਹਾਸ ਵੇਖ ਕੇ ਫੋਟੋਆਂ ਵਿਚ 'ਜੋਗੀ'
ਅਕਲ ਦੰਗ ਹੁੰਦੀ ਨਰ ਨਰ ਦੀ ਏ।
ਮਲੂਕੇ ਚੌਧਰੀ ਦੀ ਮੌਤ ਦਿਖਾਈ ਹੋਈ ਹੈ,
ਆਕੜ੍ਹ ਭੱਜਦੀ ਕਿਵੇਂ ਹੰਕ



Digitized by Panjab Digital Library | www.panjabdigilib.org

Digitized by Panjab Digital Library | www.panjabdigilib.org



ਗੁਰੂ ਅੰਗਦ ਜੀ ਨੇ ਜੁਲਾਹੀ ਤੇ ਜੁਲਾਹੇ ਨੂੰ ਬੁਲਾ ਕੇ ਪੁਛਿਆ ਅਤੇ ਕਿਹਾ ਕੇ ਤੁਸੀ ਇਸ ਬਾਂਦੀ ਕੀਮਤ
ਲੈ ਲੋ ਤੇ ਤੁਸੀ ਕਿਸੇ ਹੋਰ ਪਿੰਡ ਚਲੇ ਜਾਵੋ ਨਹੀ ਤਾਂ ਦੁਖ ਪਾਵੋਗੇ, ਅਮ੍ਰਦਾਸ ਜੀ ਤੇ ਖੁਸ਼ੀ ਕੀਤੀ ਤੇ ਵਰ ਦਿਤੇ

Digitized by Panjab Digital Library | www.panjabdigilib.org

ਗੋਰਖ ਨਾਥ ਵੀ ਆਖਿਆ ਬਖਸ਼ ਲਉ ਜੀ,
ਡਿਠੀ ਸੂਰਤ ਜਦ ਉਸ ਦਤਾਰ ਦੀ ਏ।
ਸੱਚ ਖੰਡ ਦਰਬਾਰ ਤੋਂ ਬਾਹਰ ਆਈਏ,
ਖੂਹਾ ਬੀਬੀ ਅਮਰੋ ਦਾ ਆਇਆ ਇਤਿਹਾਸ ਅੰਦਰ।
ਭਾਈ ਸੰਤੋਖ ਸਿੰਘ ਜੀ ਹੱਥੀ ਲਿਖਿਆ ਆਪ,
ਪੜਿਆ ਅਸਾਂ ਵੀ ਹੈ ਸੂਰਜ ਪ੍ਰਕਾਸ਼ ਅੰਦਰ।
ਮਨ ਚਿਤ ਹੋ ਕੇ ਜਿਹੜਾ ਇਸ਼ਨਾਨ ਕਰੇ,
ਮਨੋ ਕਾਮਨਾ ਹੁੰਦੀਆਂ ਰਾਸ ਅੰਦਰ।
ਅੰਮ੍ਰਿਤ ਇਸ ਦਾ ਛੱਕ ਫਿਰ ਰੋਗ ਜਾਂਦੇ,
ਉਪਮਾਂ ਲਿਖਾਂ ਕੀ ਤਾਕਤ ਨਹੀਂ ਦਾਸ ਅੰਦਰ।

## ਥੜਾ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ

ਕਬਿਤ:—

ਸ਼ਾਹਰਦੂਆਲੀ ਵਿਚ ਜਾਣ ਗੁਰੂ ਅਮਰਦਾਸ ਦਾ ਅਸਥਾਨ,
ਬੈਠ ਵਾਹਿਗੁਰੂ ਧਿਆਨ ਸੇਵਾ ਕੀਤੀ ਜਿਨਾ ਭਾਰੀ ਏ।
ਬਾਹਠ ਸਾਲਾਂ ਵਿਚ ਜਾਣ ਗੁਰੂ ਲਭਿਆ ਸੁਜਾਨ,
ਸੇਵਾ ਕੀਤੀ ਹੈ ਮਹਾਨ ਮੈਂ ਜਾਵਾਂ ਬਲਿਹਾਰੀ ਏ।
ਜੱਲ ਬਿਆਸਾ ਤੋਂ .ਲਿਆਣ ਗੁਰੂ ਲਈ ਅਸ਼ਨਾਨ;
ਛੱਡ ਖੁਦੀ ਤੇ ਗੁਮਾਨ ਬਾਨੀ ਹਿਰਦੇ ਮੇਂ ਚਤਾਰੀਏ।
ਮਕਰ ਜੋਗੀ ਜੋ ਕਮਾਇਆ ਆਖਰਕਾਰ ਉਸ ਪਾਇਆ,
ਮੀਂਹ ਗੁਰਾਂ ਨੇ ਵਸਾਇਆ ਨਿੰਦਿਆ ਗਈ ਨਾ ਸਹਾਰੀ ਏ।
ਬਣਿਆ ਨਿਮਾਣਿਆਂ ਦਾ ਮਾਣ ਖੱਡੀ ਵਿਚ ਡਿਗਾਣ,
ਜੁਲਾਹੀ ਹੋਈ ਸੁਦੈਨ ਗੁਰੂ ਰੂਪ ਕਰਤਾਰੀ ਏ।
ਗੁਰਾਂ ਲਾ ਕੇ ਦੀਵਾਨ ਝਟ ਜਲਾਹੇ ਜੁਲਾਹੀ ਨੂੰ ਬੁਲਾਣ,
ਕੁਲ ਵਾਰਤਾ ਬੁਤਾਣ, ਤੁਸੀਂ ਕੀਤੀ ਜੋ ਗਵਾਰੀ ਏ।
ਚੰਗੀ ਗੱਲ ਐਈਓ ਜਾਣ ਇਥੋਂ ਚੁੱਕ ਲਉ ਸਮਾਨ,



Digitized by Panjab Digital Library | www.panjabdigilib.org

ਤੁਸਾਂ ਕੀਤਾ ਗੁਮਾਨ ਨਹੀਂ ਤਾਂ ਹੋਵੇਗੀ ਖੁਆਰੀ ਏ।
ਪੂਜਨ ਯੋਗ ਅਸਥਾਨ, ਸੀਸ ਦੇਵਤੇ ਨਿਵਾਨ,
ਆਣ ਦਰਸ ਇਹਦਾ ਪਾਣ ਚਿੱਤ ਹਮ ਨੇ ਚਿਤਾਰੀ ਹੈ।
ਕਠਿਨ ਤਪੱਸਿਆ ਕਮਾਈ ਤਪਿਆਨੇ ਸਾਹਿਬ ਜਾਨ,
ਪਈ ਕੁਝ ਦੁਨੀਆਂ ਨਿਵਾਈ ਬੈਠ ਵਾਹਿਗੁਰੂ ਚਤਾਰ ਕੇ।
ਗੁਰੂ ਨਾਨਕ ਬੇਰੀ ਹੇਠ ਆਣ ਕੰਢੇ ਸਰੋਵਰ ਦੇ ਜਾਣ,
ਸੋਹਣਾ ਬਣਿਆ ਅਸਥਾਨ ਜ਼ਰਾ ਸੁਨਣਾ ਵਿਚਾਰ ਕੇ।
ਮਾਈ ਸੀ ਭਰਾਈ ਸੇਵਾ ਗੁਰਾਂ ਦੀ ਕਮਾਈ,
ਮਨੋ ਕਾਮਨਾਂ ਏ ਪਾਈ ਗਈ ਖਹਿਰਿਆਂ ਨੂੰ ਤਾਰ ਕੇ।
ਸਮਾਧ ਬਾਲੇ ਦੀ ਜਾਣ ਲਾਗੇ ਬਣੀ ਹੈ ਸੁਜਾਨ,
ਰਹੇ ਗੁਰਾਂ ਨਾਲ ਤਾਣ ਸੀ ਉਹ ਸਿਖ ਕਰਤਾਰ ਕੇ।

## ਗੁ: ਮੱਲ ਅਖਾੜਾ ਸਾਹਿਬ

ਇਸ ਥਾਂ ਬੈਠ ਗੁਰਾਂ,
ਪੈਂਤੀ ਅੱਖਰੀ ਉਚਾਰੀ ਏ।
ਜਨਮ ਸਾਖੀ ਬਾਲੇ ਵਾਲੀ ਲਿਖਵਾਈ ਇਥੇ,
ਗੁਰੂ ਅੰਗਦ ਦੀ ਜੱਗ ਵਿਚ ਬੜੀ ਪ੍ਰਉਪਕਾਰੀ ਏ।
ਇਸ ਜਗ੍ਹਾ ਬੈਠ ਗੁਰੂ ਘੋਲ ਵੇਖਣ ਬਾਲਕਾਂ ਦੇ,
ਗੁਰੂ ਉਪਦੇਸ਼ ਦੇਣ ਸਿੱਖਾਂ ਪਿਆਰਿਆਂ ਨੂੰ।
ਅੱਗੇ ਬੜਾ ਗੁਰਦੁਵਾਰਾ ਜੋਤੀ ਜੋਤ ਸਮਾਉਣ ਦਾ ਹੈ,
ਹੁੰਦੇ ਦੀਦਾਰ ਨੇ ਗੁਰਮੁਖਾਂ ਪਿਆਰਿਆਂ ਨੂੰ।
ਲੱਗੇ ਮੇਲਾ ਜੱਗ ਦਾ ਸਰਾਧਾਂ ਦੀ ਚੋਥ ਨੂੰ,
ਦੂਰੋਂ ਦੂਰੋਂ ਆਉਂਦੀਆਂ ਸੰਗਤਾਂ ਗੁਰੂ ਦੇ ਦਵਾਰਿਆਂ ਨੂੰ।
ਤਿੰਨ ਦਿਨ ਰਹੇ 'ਜੋਗੀ' ਮੇਲਾ ਬੜੀ ਧੂਮ ਨਾਲ,
ਧੰਨ ਧੰਨ ਗੁਰੂ ਅੰਗਦ ਵਾਰੀ ਤੇਰੇ ਸ਼ਚਿਆਰਿਆਂ ਨੂੰ।

—o—



Digitized by Panjab Digital Library | www.panjabdigilib.org

(ਕਾਰ ਸੇਵਾ ਵਾਲੇ ਸੰਤਾਂ ਦਾ ਖਡੂਰ ਸਾਹਿਬ ਵਿਚ ਚਰਨ ਪਾਕੇ ਮਹਾਨ ਸੇਵਾ ਦਾ ਕੁੰਭ ਚਲਾਉਣਾ ਬ੍ਰਹਮ ਗਿਆਨੀ ਸ੍ਰੀ ਮਾਨ ਬਾਬਾ ਗੁਰਮੁਖ ਸਿੰਘ ਜੀ, ਸਾਧੂ ਸਿੰਘ ਜੀ ਸ੍ਰੀ ਮਾਨ ੧੦੮ ਬਾਬਾ ਬ੍ਰਹਮ ਗਿਆਨੀ ਸੰਤ ਬਾਬਾ ਝੰਡਾ ਸਿੰਘ ਜੀ ਮਹਾਰਾਜ)

ਸਕੂਲ ਸੜਕਾਂ ਕਾਲਜ ਬਨਾਉਣ ਦੇ ਵਿਚ,
ਡਾਢੀ ਮਾਨ ਵਡਿਆਈ ਏ ਪਾਈ ਏਨਾ।
ਗੁਰਧਾਮਾਂ ਦੀ ਸੇਵਾ ਮਹਾਨ ਕੀਤੀ,
ਖਡੂਰ ਸਾਹਿਬ ਦੀ ਮਹਿਮਾ ਵਧਾਈ ਏਨਾ।
ਤਪਿਆਨੇ ਸਾਹਿਬ ਦੀ ਇਮਾਰਤ ਬਨਾ ਕਰਕੇ,
ਸੇਵਾ ਤਾਲ ਦੀ ਚ ਕਰਾਈ ਏਨਾ।
ਗੁਰਦੁਆਰਾ ਗੁਰ ਨਾਨਕ ਦਾ ਬਨਾਇਆ ਸੁੰਦਰ,
ਸਮਾਧ ਬਾਲੇ ਦੀ ਲਾਗੇ ਪਵਾਈ ਏਨਾਂ।
ਫਿਰ ਹੰਸਲੀ ਚ ਬਨਾਈ ਬਾਬੇ,
ਕਿਤੇ ਛੱਡੀ ਨਹੀਂ ਉਨਤਾਈ ਏਨਾ।
ਮੱਲ ਖਾੜਾ ਇਮਾਰਤ ਬਨਾਉਣ ਦੇ ਵਿਚ,
ਵਿਸ਼ਕਰਮਾ ਜੀ ਖੁਦ ਆ ਸੇਵ ਕਮਾਈ ਹੋਈ ਏ।
ਸੋਹਣੇ ਬਣੇ ਕਲਸ ਮਹਿਰਾਬ ਏਹਦੇ,
ਲੱਖਾਂ ਲਾਗਤ ਏਸਤੇ ਆਈ ਹੋਈ ਏ।
ਗੁਰੂ ਅਮਰਦਾਸ ਜੀ ਦਾ ਥੜਾ ਸਾਹਿਬ ਬਨਾਕੇ,
ਡਾਢੀ ਸਫਲਤਾ ਏਨ੍ਹਾਂ ਨੇ ਪਾਈ ਹੋਈ ਏ।
ਮੇਨ ਬਜ਼ਾਰ ਦੀ ਸੜਕ ਨੂੰ ਕਰ ਚੌੜੀ,
ਲੋਕ ਸੇਵਾ ਕਰ ਖੱਟੀ ਭੁਲਾਈ ਹੋਈ ਏ।
ਹਸਪਤਾਲ ਇਕ ਡੰਗਰਾਂ ਦਾ ਚਲ ਰਿਹਾ ਏ,
ਚੜ੍ਹਦੀ ਕਲਾ ਗੁਰੂ ਬਨਾਈ ਹੋਈ ਏ।
ਸੰਗਤ ਰੱਲ ਕੇ ਸੇਵਾ ਨਭਾਈ ਜਾਂਦੀ,




Digitized by Panjab Digital Library | www.panjabdigilib.org

ਗੁਰੂ ਆਪ ਹੀ ਸੇਵਾ ਕਰਾਈ ਹੋਈ ਏ।
ਇਸ ਸੇਵਾ ਬਦਲੇ ਬਾਬਾ ਗੁਰਮੁਖ ਸਿੰਘ ਸਾਧੂ ਸਿੰਘ ਜੀ ਦਾ,
ਬਹਿਕੁੰਠ ਧਾਮ 'ਝੰਡਾ ਲਹਿਰਾਂਵਦਾ ਏ।
ਇਸ਼ ਸੇਵਾ ਨੂੰ ਵੇਖ ਬਾਬਾ ਝੰਡਾ ਸਿੰਘ ਜੀ ਦਾ,
ਰੋਮ ੨ ਖੁਸ਼ ਹੋ ਜਾਂਵਦਾ ਏ।
ਇਸੇ ਸੇਵਾ ਕਾਰਨ ਬਾਬਾ ਉਤਮ ਸਿੰਘ ਜੀ ਦਾ,
ਜੱਸ ਸਾਰਾ ਜਹਾਨ ਪਿਆ ਗਾਂਵਦਾ ਏ।
ਬੰਦੀ ਛੋੜ ਗਵਾਲੀਅਰ ਦੀ ਕਰ ਸੇਵਾ,
ਛੇ ਮੰਜਲਾ ਇਮਾਰਤ ਬਨਾਈ ਏਨਾ।
ਅਠ ਕਿਲੋ ਸੋਨਾ, ਕਲਸ 'ਤੇ ਲਗੇਗਾ ਜੀ,
ਖਾਲਸ ਪੱਥਰ ਦੀ ਕਰਾਈ ਜੜਾਈ ਏਨਾਂ।
ਗੈਰ ਮਜ਼ਬ ਵਾਲੇ ਪਏ ਹੈਰਾਨ ਹੋਵਨ,
ਰਿਸ਼ਕ ਵੇਖਕੇ ਹਰ ਕੋਈ ਖਾਂਵਦਾ ਏ।
ਕਈ ਰੁਕਾਵਟਾਂ ਪਈਆਂ ਸੀ ਆਨ ਕਰਕੇ,
ਬੰਦੀ ਛੋੜ ਗੁਰ ਪੱਤ ਰਖਾਂਵਦਾ ਏ।
ਉਹਦੀ ਮੇਹਰ ਸਦਕਾ ਕਾਰਜ ਰਾਸ ਹੋਇਆ,
ਹਾਰ ਨਿੰਦਕਾਂ ਤਾਂਈਂ ਦਵਾਂਵਦਾ ਏ।
ਨਿਸ਼ਾਨ ਝੂਲਦਾ ਦੂਰੋਂ ਹੀ ਨਜ਼ਰ ਆਵੇ,
ਉਚੀ ਸ਼ਾਨ ਗੁਰੂ ਆਪ ਬਣਾਂਵਦਾ ਹੈ।
'ਜੋਗੀ' ਅੰਤ ਚੜ੍ਹਦੀ ਕਲਾਂ ਦਾ ਮੈਂ ਆਸ਼ਕ,
ਤੇ ਅੰਮ੍ਰਿਤਧਾਰੀ ਦਾ ਸ਼ਰਧਾਵਾਨ ਹਾਂ ਮੈਂ।
ਦਸਾਂ ਗੁਰਾਂ ਦੇ ਗੁਰੂ ਗਰੰਥ ਦਾ ਹਾਂ ਉਪਾਸ਼ਕ,
ਗੁਰੂ ਸਿੱਖਾਂ ਦਾ ਚਾਹਵਾਨ ਹਾਂ ਮੈਂ।
ਮਾਈ ਭਰਾਈ ਦੀ ਸੇਵਾ ਕਰਣ ਬਦਲੇ,
ਸੋਹਣੇ ਡਜਾਇਨਾ ਦਾ ਨਕਸ਼ਾ ਬਣਾਇਆ ਹੈ।
ਇਹਦੀ ਸ਼ਾਨ ਦੇ ਤੁਲ ਨਾ ਕੋਈ ਹੋਸ਼ੀ,



Digitized by Panjab Digital Library | www.panjabdigilib.org



Digitized by Panjab Digital Library | www.panjabdigilib.org

Digitized by Panjab Digital Library / www.panjabdigilib.org

ਕਾਬਲ ਇੰਨਜੀਅਰਾਂ ਤੋਂ ਤਿਆਰ ਕਰਾਇਆ ਹੈ।
ਕਈ ਮੰਜਲਾਂ ਇਮਾਰਤ ਬਣੀ ਸੀ ਇਹ,
ਲੱਖਾਂ ਖਰਚਾ ਇਹਦੇ ਵਾਲਾ ਲਾਇਆ ਹੈ।
ਬਾਬਾ ਉਤਮ ਸਿੰਘ ਸੇਵਾ ਨਿਭਾਣਗੇ ਇਹ,
ਗੁਰੂ ਅੰਗਦ ਦਾ ਇਹਨਾਂ ਤੇ ਸਾਇਆ ਹੈ।
ਗੁਰੂ ਲੰਮੀ ਉਮਰ ਕਰੇ ਬਾਬਾ ਉਤਮ ਸਿੰਘ ਦੀ,
ਗੁਰਧਾਮਾਂ ਦੀ ਸੇਵਾ ਕਰਾਂਦੇ ਰਹਿਣ।
ਬਾਬਾ ਗੁਰਮੁਖ ਸਿੰਘ ਤੇ ਬਾਬਾ ਝੰਡਾ ਸਿੰਘ ਦੇ,
ਪੂਰਨਿਆਂ ਤੇ ਚਲ ਫਰਜ ਆਪਣੇ ਤਾਈਂ ਨਭਾਂਦੇ ਰਹਿਣ।

## ਖਡੂਰ ਸਾਹਿਬ ਨਗਰੀ ਦੀ ਮਹੱਤਤਾ

'ਜੋਗੀ' ਵਿਚ ਖਡੂਰ ਨਿਵਾਸ ਕਰਦਾ,
ਪਵਿਤਰ ਨਗਰੀ ਬੜੀ ਸਤਿਕਾਰ ਵਾਲੀ।
ਨੌਂ ਪਾਤਸ਼ਾਹੀਆਂ ਚਰਨ ਨੇ ਪਾਏ ਏਥੇ,
ਗੱਲ ਲਿਖੀ ਹੈ ਪੂਰੀ ਇਤਬਾਰ ਵਾਲੀ
ਪਹਿਲੋਂ ਪਾਏ ਚਰਨ ਸਤਿਗੁਰ ਨਾਨਕ,
ਮਹਿਮਾ ਕਰੀ ਜਿੰਨਾ ਨਿਰੰਕਾਰ ਵਾਲੀ
ਫਿਰ ਗੁਰੂ ਅੰਗਦ ਲਾਇਆ ਭਾਗ ਏਨੂੰ,
ਲਿਖੀ ਜਨਮ ਸਾਖੀ ਗੁਰੂ ਦਾਤਾਰ ਵਾਲੀ।
ਅਮਰ ਦਾਸ ਗੁਰੂ ਗਾਗਰ ਢੋ ਢੋ ਕੇ,
ਹੱਦ ਕਰ ਦਿਤੀ ਗੱਲ ਵਿਚਾਰ ਵਾਲੀ।
ਬਾਰਾਂ ਵਰਾਂ ਦੀਆਂ ਸ਼ਕਤੀਆਂ ਪਾਈਆਂ ਨੇ,
ਸੇਵਾ ਕਰੀ ਜਿਨ੍ਹਾਂ ਗੁਰੂ ਕਰਤਾਰ ਵਾਲੀ।



Digitized by Panjab Digital Library | www.panjabdigilib.org

ਆਏ ਗੁਰੂ ਰਾਮਦਾਸ, ਅਰਜਨ, ਹਰਗੋਬਿੰਦ ਗੁਰੂ ਜੀ,
ਬਾਣੀ ਪੜਦੇ ਰੱਬੀ ਪਿਆਰ ਵਾਲੀ।
ਗੁਰੂ ਹਰਿਰਾਏ ਬਾਈ ਸੌ ਸਵਾਰ ਨਾਲੇ,
ਦਰਸ਼ਨ ਪਾਵਨੈ ਗੁਰੂ ਦਰਬਾਰ ਵਾਲੀ।
ਬਾਲਕ ਅਵਸਥਾ ਚਿ ਬਾਬਾ ਹਰਿ ਕਿਸ਼ਨ ਸਾਥ ਹੈ ਸਨ,
ਸੰਗਤ ਨਾਲ ਸੀ ਕਰਨ ਸਤਿਕਾਰ ਵਾਲੀ।
ਨੌਵੇਂ ਗੁਰੂ ਸਾਥ ਪ੍ਰਵਾਰ ਆਏ,
ਗੱਲ ਕੀਤੀ ਹੈ ਜਿੰਨਾਂ ਉਪਕਾਰ ਵਾਲੀ।
ਬਾਬਾ ਬੁਢਾ ਜੀ ਆਏ ਸੰਗਤਾਂ ਨਾਲ,
ਗੁਰਬਾਣੀ ਪੜਦੇ ਗੁਰੂ ਦਾਤਾਰ ਵਾਲੀ।
ਕਾਹਨ ਸਿੰਘ ਬਨੌਦ ਸਿੰਘ ਹੋਏ ਬਾਵੇ,
ਪੱਦਵੀ ਜਿਨ੍ਹਾਂ ਦੀ ਸੀ ਜਥੇਦਾਰ ਵਾਲੀ।
ਤਿੰਨ ਖੈਹਰੇ ਸਨ ਚਮਕੌਰ ਸ਼ਹੀਦ ਹੋਏ,
ਪੜ੍ਹਿਆ ਲਿਖਿਆ ਕਿਸੇ ਇਤਿਹਾਸ ਕਾਰਦਾ ਹੈ।
ਸੱਚ ਖੰਡ ਖਡੂਰ ਦੇ ਵਿਚ ਜਾਣੋ,
ਅਰਸ਼ੀ ਨੂਰ ਪਿਆ ਡਲਕਾਂ ਮਾਰਦਾ ਹੈ।
ਗੁਰੂ ਅੰਗਦ ਦੇਵ ਜੀ ਦੀ ਹੈ ਇਹ ਪਵਿਤਰ ਨਗਰੀ,
ਸੋਮਾ ਚਲਦਾ ਜਿਥੇ ਪਿਆਰ ਦਾ ਹੈ।
ਯਾਤਰੂ ਆਕੇ ਦੇਸ਼ ਦਸ਼ਾਂਤਰਾਂ ਤੋਂ,
ਦਰਸ਼ਨ ਕਰਕੇ ਮਨ ਨੂੰ ਠਾਰਦਾ ਹੈ।
ਕੁੰਭ ਸੇਵਾ ਦਾ ਸਦਾ ਹੈ ਲੱਗਾ ਰਹਿੰਦਾ,
ਪਰਵਾਹ ਚੱਲਦਾ ਬਾਣੀ ਪਰਚਾਰ ਦਾ ਹੈ।
ਲੰਗਰ ਅਤੁੱਟ ਭੰਡਾਰੇ ਨੇ ਲੱਗੇ ਰਹਿੰਦੇ,
ਹਰ ਕੋਈ ਸੁਖ ਨਾਲ ਡੰਗ ਗੁਜਾਰਦਾ ਹੈ।
ਦਾਨੀ ਦੇਂਵਦੇ ਦਾਨ ਭਲੇ ਖਾਤਰ,
ਹਰ ਕੋਈ ਆਪਣਾ ਅੱਗਾ ਸਵਾਰਦਾ ਹੈ।



Digitized by Panjab Digital Library | www.panjabdigilib.org

'ਜੋਗੀ' ਉਸ ਦੇ ਕਾਰਜ ਨੇ ਰਾਸ ਹੁੰਦੇ,
ਸਵਾਸ ਸਵਾਸ ਜੋ ਉਹਨੂੰ ਚਿਤਾਰਦਾ ਹੈ।
ਉਹਦੀ ਨਿਗ੍ਹਾ ਦੇ ਹੇਠ ਹੈ ਜਗਤ ਸਾਰਾ,
ਫੱਲ ਤੁਰਤ ਮਿਲਦਾ ਕੀਤੀ ਕਾਰ ਦਾ ਹੈ।
ਸੰਗਤ ਵਿਚ ਜਾ ਕੇ ਤੂੰ ਬਹਿ 'ਜੋਗੀ',
ਦਰਸ਼ਨ ਹੋ ਜਾਸੀ ਸਿਰਜਨ ਹਾਰ ਦਾ ਹੈ।

(ਜਦੋਂ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਗਦੀ ਮਿਲੀ ਤਾਂ ਗੁਰੂ ਨਾਨਕ ਦੇਵ ਜੀ ਨੇ ਆਪਣੇ ਪਉਵੇ ਦਿਤੇ ਤੇ ਕਿਹਾ ਕਿ ਆਪ ਪਹਿਲੋਂ ਸੁਨ-ਸਮਾਧੀਆਂ ਦੀ ਨਗਰੀ ਵਿਚੋਂ ਹੋ ਕੇ ਜਾਣਾ)

ਸੁਨ-ਸਮਾਧੀਆਂ ਦੀ ਪਹਿਲੀ ਨਗਰੀ ਵਿਚ
ਮਹਾਰਾਜ ਜੀ ਦਾ ਜਾਣਾ:—

ਜਿਹੜੇ ਧੀਆਂ ਨੂੰ ਵੇਚ ਕੇ ਖਾਣ ਮਾਪੇ,
ਤਸਵੀਰ ਬੰਦੇ ਉਸ ਦੀ ਬਣਾਈ ਹੋਈ ਹੈ।
ਉਨ੍ਹਾਂ ਬੱਚੀਆਂ ਨੂੰ ਗੁਰੂ ਜੀ ਪੁਛਦੇ ਨੇ,
ਤੁਸੀਂ ਲੋਥ ਕਿਉਂ ਪੁੱਠੀ ਲਟਕਾਈ ਹੋਈ ਹੈ।
ਉਨ੍ਹਾਂ ਆਖਿਆ ਇਹ ਹੈ ਪਿਉ ਸਾਡਾ,
ਜਿਸ ਜਿੰਦਗੀ ਸਾਡੀ ਰੁਲਾਈ ਹੋਈ ਹੈ।
ਅਸੀਂ ਇਸ ਦਾ ਮਾਸ ਹੁਣ ਖਾਂਦੀਆ ਹਾਂ,
ਜਿਸ ਪਾਪ ਦੀ ਕੀਤੀ ਕਮਾਈ ਹੋਈ ਹੈ।

(ਦੂਸਰੀ ਨਗਰੀ)

ਅੱਗੇ ਇਕ ਨਗਰੀ ਹੋਰ ਚਿ ਗਏ ਗੁਰੂ ਜੀ,
ਉਨ੍ਹਾਂ ਪੁਰਸ਼ਾਂ ਦਾ ਜੀਵਨ ਕਮਾਲ ਡਿੱਠਾ।
ਮੂੰਹ ਹੱਥ ਕਾਲੇ ਹੋਰ ਸਰੀਰ ਸੁੰਦਰ,
ਨਰ ਨਾਰ ਤੇ ਬੁੱਢਾ ਤੇ ਬਾਲ ਡਿੱਠਾ।



Digitized by Panjab Digital Library | www.panjabdigilib.org

ਪੁਛਿਆ ਉਨ੍ਹਾਂ ਤੋਂ ਗੁਰਾਂ ਨੇ ਕੀ ਕਾਰਣ,
ਜੋ ਅਸਾਂ ਹੈ ਤੁਹਾਡਾ ਹਾਲ ਡਿੱਠਾ।
ਇਨ੍ਹਾਂ ਹੱਥਾਂ ਨਾਲ ਅਸੀਂ ਨਹੀਂ ਕੀਤੀ ਸੇਵਾ,
ਕੀਤਾ ਦਾਨ ਨਾਂ ਜੇ ਕਿਸੇ ਸਵਾਲ ਕੀਤਾ।

(ਤੀਜੀ ਨਗਰੀ)

ਡਿੱਠੀ ਸੁਨ-ਸਮਾਧੀਆਂ ਦੀ ਗੁਰਾਂ ਇਕ ਹੋਰ ਨਗਰੀ,
ਜਿਥੇ ਇਨਸਾਨਾਂ ਦੇ ਸਿਰ ਮੂੰਹ ਸੂਰ ਦੇ ਸਨ।
ਵੇਖ ਆਉਂਦਿਆਂ ਗੁਰਾਂ ਨੂੰ ਵੱਲ ਨਗਰੀ,
ਹੱਥ ਜੋੜ ਖੜੇ ਅੱਗੇ ਹਜੂਰ ਦੇ ਸਨ।
ਪੁਛਿਆ ਗੁਰਾਂ ਨੇ ਉਨ੍ਹਾਂ ਤੋਂ ਇਹਦਾ ਕਾਰਣ,
ਕਹਿੰਦੇ ਗੱਲ ਹੈ ਕਾਬਲੇ ਗੌਰ ਗੁਰੂ ਜੀ।
ਪੁੰਨ ਦਾਨ ਕੀਤਾ ਤੇ ਹੰਕਾਰ ਦੇ ਨਾਲ,
ਨਿੰਦਾ ਪਰਾਈ ਵੱਲ ਸਾਡਾ ਰਿਹਾ ਜੋਰ ਗੁਰੂ ਜੀ।
ਇਸੇ ਕਰਕੇ ਮੂੰਹ ਸੂਰਾਂ ਦੇ ਹੈ ਸਾਡੇ,
ਇਨਸਾਨਾਂ ਦੇ ਬਦਲਗੇ ਤੌਰ ਗੁਰੂ ਜੀ।
ਨਜਰ ਮੇਹਰ ਕਰ ਭੁਲਾਂ ਬਖਸ਼ ਦਿਓ,
ਗੁਰੂ ਘਰ ਕੇ ਅਸੀਂ ਹਾਂ ਚੋਰ ਗੁਰੂ ਜੀ।
ਸਾਡੀ ਕਰਮਾਂ ਦੀ ਰੇਖ ਨੂੰ ਬਦਲ ਦਿਓ,
ਗੁਨਾਂਗਾਰ ਪਾਪੀ ਅਸੀਂ ਜਰੂਰ ਗੁਰੂ ਜੀ।
ਬੇੜਾ ਡੋਲਦਾ ਹੈ ਮੰਝਧਾਰ ਅੰਦਰ,
ਤੁਸੀਂ ਆਪ ਹੀ ਪਾਰ ਲਗਾਓ ਗੁਰੂ ਜੀ।
'ਜੋਗੀ' ਦਿਆਵਾਨ ਤੁਸੀਂ ਹੋ ਗਰੀਬ ਪਰਵਰ,
ਸਾਨੂੰ ਆਜ਼ਜਾਂ ਨੂੰ ਗਲੇ ਲਾਓ ਗੁਰੂ ਜੀ।

(ਚੌਥੀ ਨਗਰੀ)

ਅੱਗੇ ਗਏ ਗੁਰੂ ਜੀ ਡਿੱਠੀ ਇਕ ਹੋਰ ਨਗਰੀ,
ਮੂੰਹ ਜਿਨਾਂ ਦੇ ਪਿਛਾਂਹ ਨੂੰ ਮੁੜੇ ਹੋਏ ਸਨ।



Digitized by Panjab Digital Library | www.panjabdigilib.org

ਹੱਥ ਜੋੜ ਉਨ੍ਹਾਂ ਫਰਿਆਦ ਕੀਤੀ,
ਅਸੀਂ ਸਾਰੇ ਇਖਲਾਕ ਤੋਂ ਗਿਰੇ ਹੋਏ ਸਾਂ।
ਸੁਖਨਾ ਸੁਖ ਕੇ ਅਸਾਂ ਨਹੀਂ ਮੂਲ ਦਿਤੀ,
ਗੁਰੂ ਪੀਰ ਦਾ ਨਾ ਜਮਾਲ ਡਿੱਠਾ।
ਸਾਧ ਸੰਗਤ ਚਿ ਗਏ ਨਾ ਮੂਲ ਅਸੀਂ,
ਮੰਦਰ ਮਸਜੱਦ ਨਾ ਧਰਮਸਾਲ ਡਿੱਠਾ।

(ਪੰਜਵੀਂ ਨਗਰੀ)

ਪੰਜਵੀ ਨਗਰੀ ਜਾਂ ਗੁਰਾਂ ਵੇਖਿਆ ਕੀ,
ਪਲੰਘਾਂ ਉਪਰ ਸੁੰਦਰ ਵਿਛਾਈ ਹੈ ਵਿਛਾਈ ਹੋਈ।
ਪਰ ਪੁਰਸ਼ ਨਾਂ ਉਥੇ ਕੋਈ ਨਜ਼ਰ ਆਵੇ,
ਅਜਬ ਨਗਰੀ ਹੈ ਦਾਤੇ ਰਚਾਈ ਹੋਈ।
ਸ਼ਾਮ ਪੈਂਦਿਆਂ ਵੇਖਿਆ ਅਰਸ਼ ਵਲੋਂ,
ਘੋੜ ਅਸਵਾਰਾਂ ਦੀ ਸੰਗਤ ਉਤਰ ਆਈ ਹੋਈ।
ਆਪਣੇ ਪਲੰਗਾਂ ਦੇ ਉਤੇ ਬਰਾਜਦੇ ਗਏ,
ਹੈ ਯਾਦ ਪਿਆਰੇ 'ਚ ਸੁਰਤੀ ਟਿਕਾਈ ਹੋਈ।
ਪੁਛਿਆ ਸਤਗੁਰਾਂ, 'ਭਾਈ ਤੁਸੀਂ ਹੋ ਕੌਣ?
ਕਿਹੜੀ ਭੁਲ ਤੁਸਾਂ ਕੀਤੀ ਕਰਾਈ ਹੋਈ।
ਅਸੀਂ ਰਹਿਰਾਸ ਦਾ ਵਕਤ ਖੁੰਝਾਵੰਦੇ ਰਹੇ,
ਇਸ ਖੁਨਾਮੀ ਦੀ ਸਜ਼ਾ ਅਸੀਂ ਪਾਈ ਹੋਈ।
ਸਚਖੰਡੋਂ ਬਾਹਰ ਅਸਾਂ ਨੂੰ ਕਢਿਆ ਜਾਂਦਾ
ਉਸ ਭੁਲ ਦਾ ਫਲ ਇਹ ਪਾ ਰਹੇ ਹਾਂ।
ਉਹਨਾਂ ਕੀਤੀਆਂ ਤਾਂਈ ਪਛਤਾ 'ਜੋਗੀ'
ਹਥ ਜੋੜ ਕਿ ਭੁਲਾਂ ਬਖਸ਼ਾ ਰਹੇ ਹਾਂ।



Digitized by Panjab Digital Library | www.panjabdigilib.org

# ਸ਼ਾਇਰ ਵਲੋਂ

ਨਾ ਪੜ੍ਹਿਆ ਮੈਂ ਪਿੰਗਲ ਤਾਂਈ,
ਸੰਗਤ ਮੂਲ ਨਾ ਸ਼ੇਰਾਂ ਕੀਤੀ।

ਨਾ ਜਾਣਿਆਂ ਕੀ ਉਨ੍ਹਾਂ ਦੀ ਰੀਤੀ,
ਜੋ ਬੀਤੀ ਸੋ ਵਾਹ ਵਾਹ ਬੀਤੀ।

ਜੋ ਬਖਸ਼ਸ਼ ਮੈਨੂੰ ਸਤਿਗੁਰ ਕੀਤੀ,
ਝੱਟ ਕਲਮ਼ ਨਾਲ ਲਿਖ ਲੀਤੀ।

ਜੋ ਦਾਤ ਇਹ ਸਭ ਉਸ ਦਾ ਉਪਕਾਰ,
ਨਾ ਰੀਸ ਮੈਂ ਸ਼ੇਰਾਂ ਕੀਤੀ।

ਨਕਲ ਕਰੇ ਜੋ ਸ਼ਾਇਰ ਕਿਸੇ ਦੀ,
ਵਿਚ ਸਭਾ ਹੁੰਦਾ ਨਹੀਂ ਸਤਿਕਾਰ।

ਹੋ ਕੇ ਸ਼ਾਇਰ ਤਮ਼ਾਂ ਜੋ ਰਖੇ,
ਭੁਲ ਜਾਂਦਾ ਉਸ ਦਾ ਉਪਕਾਰ।

ਵਿਚ ਰਜ਼ਾ ਦੇ ਰਹਿਕੇ 'ਜੋਗੀ'
ਸ਼ੁਕਰ ਕਰੇ ਉਹਦਾ ਲੱਖ ਹਜ਼ਾਰ।



Digitized by Panjab Digital Library | www.panjabdigilib.org

## 'ਗੁਰੂ ਅੰਗਦਦੇਵ ਜੀ ਦੇ ਦਰਬਾਰ ਵਿਚ ਅਰਜੋਈ'

ਦਰ ਤੇਰੇ ਤੇ ਧੂਨੀ ਰੁਮਾ ਬੈਠਾ,
ਤੇਰੇ ਚਰਨਾਂ ਚਿ ਸੁਰਤੀ ਟਿਕਾ ਬੈਠਾ।
ਕੁਲ ਦੁਨੀਆਂ ਦੇ ਝਾਂਜੇ ਮੁਕਾ ਬੈਠਾ,
ਇਕੋ ਆਸਾ ਮੈਂ ਤੇਰੀ ਲਗਾ ਬੈਠਾ।
ਪਾ ਮੇਹਰਾਂ ਦੀ ਨਜਰਾਂ ਨਾਲ ਤਾਰ ਬਾਬਾ,
ਤੇਰੀ ਸੁਣੀ ਹੈ ਮਹਿਮਾਂ ਅਪਾਰ ਬਾਬਾ।
ਭਵ ਸਾਗਰ ਤੋਂ ਕਰ ਬੇੜਾ ਪਾਰ ਬਾਬਾ,
ਦੂਰੋਂ ਚਲ ਮੈਂ ਤੇਰੇ ਦਰ ਆ ਬੈਠਾ।
ਤੂੰ ਸਭਨਾਂ ਦਾ ਪਾਲਕ ਕਹਿਣ ਲੋਕੀਂ,
ਸਦਾ ਗਾਵਨ ਪਏ ਗੁਣ ਤੇਰੇ ਗਾਣ ਲੋਕੀ।
ਤੇਰੇ ਭਾਨ ਵਿਚ ਦੁਖ ਸੁਖ ਸਹਿਣ ਲੋਕੀਂ,
ਸੁਖਨਾਂ ਤੇਰੀਆਂ ਮੈਂ ਜੋਗੀ ਮਨਾ ਬੈਠਾ।
ਤੇਰੇ ਉਪਕਾਰਾਂ ਨੂੰ ਭੁਲ ਜਾਵਾਂ ਕੀਕਰ,
ਯਾਦ ਰਹਿਸੀ ਬਾਬਾ ਤੇਰੀ ਯੁਗਾਂ ਤੀਕਰ।
ਰਖੇ ਆਸ ਤੇਰੀ ਉਹਨੂੰ ਕਾਹਦਾ ਫਿਕਰ,
ਤੇਰੀ ਤਸਵੀਰ ਮੈਂ ਮਨ ਚਿ ਵਸਾ ਬੈਠਾ।
ਪੈਂਤੀ ਅੱਖਰੀ ਤੂੰ 'ਚ ਬਣਾਈ ਬਾਬਾ,
ਕੀਤੀ ਦੁਨੀਆਂ ਤੇ ਬਹੁਤ ਭਲਾਈ ਬਾਬਾ।
ਜਨਮ ਸਾਖੀ ਬਾਬੇ ਦੀ ਲਿਖਾਈ ਬਾਬਾ,
ਉਚਾ ਰੁਤਬਾ ਸਭਨਾਂ ਚਿ ਪਾ ਬੈਠਾ।
ਤੂੰ ਸੇਵਾ ਦੀ ਜਾਚ ਸਿਖਾਈ ਬਾਬਾ,
ਹੋ ਰਹੀ ਦੁਨੀਆਂ ਤੇ ਤੇਰੀ ਵਡਿਆਈ ਬਾਬਾ।
ਐਸੀ ਕਰਨੀ ਕਰ ਤੂੰ ਵਿਖਾਈ ਬਾਬਾ,
ਦਿਲੇ ਨਾਨਕ ਤੇ ਸਿੱਕਾ ਜਮਾ ਬੈਠਾ।



Digitized by Panjab Digital Library | www.panjabdigilib.org

ਮੇਹਰ ਨਜ਼ਰਾਂ ਪਾ ਦੁਖ ਹਟਾਂਦਾ ਰਿਹਾ,
ਮੱਲ ਅਖਾੜੇ ਦੀਵਾਨ ਸਜਾਂਦਾ ਰਿਹਾ।
ਤਪਿਆਣੇ ਸਾਹਿਬ ਸਮਾਧੀਆਂ ਲਾਂਦਾ ਰਿਹਾ,
ਤੂੰ ਐਡੀ ਪੁਰਖਾ ਕਿਉਂ ਦ੍ਰਿੜਤਾ ਵਖਾ ਬੈਠਾ।
ਖਾਤਰ ਤੇਰੇ ਮੈਂ ਕਈ ਜੁਗ ਤਪ ਕਰਦਾ ਰਿਹਾ,
ਤੈਨੂੰ ਲੋੜ ਕੀ ਇਤਨਾ ਕਸ਼ਟ ਜਰਦਾ ਪਿਆ।
ਲਹਿਣਾ ਸਮਝ ਤੈਨੂੰ ਮੈਂ ਆਪਣਾ ਹਿਰਦਾ ਰਿਹਾ,
ਅੰਗ ਆਪਣੇ ਚੋ ਅੰਗਦ ਬਨਾ ਬੈਠਾ।
ਜੋਗੀ ਈਰਖਾ ਤੇਰੇ ਨਾਲ ਕਰਦਾ ਰਿਹਾ,
ਕੀਤੇ ਆਪਣੇ ਦਾ ਫਲ ਉਹ ਭਰਦਾ ਰਿਹਾ।
ਬਾਬਾ ਅਮਰਦਾਸ ਸੇਵਾ ਚਿ ਤਰਦਾ ਰਿਹਾ,
ਸੇਵਾ ਕਾਰਣ ਗੁਰਗੱਦੀ ਨੂੰ ਪਾ ਬੈਠਾ।
ਗੋਰਖ ਸਿੱਧਾਂ ਦੇ ਨਾਲ ਆ ਕਰਕੇ,
ਸੀਸ ਚਰਨਾਂ ਦੈ ਉਤੇ ਟਿਕਾ ਕਰਕੇ।
ਪ੍ਰੇਮ ਸ਼ਰਧਾ ਦੇ ਫੁਲ ਚੜਾ ਕਰਕੇ,
ਕਹਿੰਦਾ ਤੂੰ ਤੇ ਨਾਨਕ ਤੋਂ ਮਹਿਮਾਵਧਾ ਬੈਠੋ।
ਕਰਣਾ ਜੋਗੀ ਬਾਵੇ ਦਾਜ਼ਰਾ ਖਿਆਲ ਬਾਬਾ,
ਇਹਨੂੰ ਆਇਆ ਹੈ ਬਹੁਤ ਜਵਾਲ ਬਾਬਾ।
ਸੇਵਕ ਤੇਰਾ ਵੇ ਦੇਨਾ ਜਮਾਲ ਬਾਬਾ,
ਕਈ ਵਾਰ ਮੈਂ ਅਰਜ਼ਾਂ ਸੁਣਾ ਬੈਠਾ।
ਦਾਨ ਦਿਉ ਮੈਂ ਕਵਿਤਾ ਬਣਾ ਕਰਕੇ,
ਖੁਸ਼ ਕਰਾਂ ਲੋਕਾਂ ਨੂੰ ਸੁਣਾ ਕਰਕੇ।
ਗੁਰੂ ਅੰਗਦ ਨੂੰ ਦਿਲੋਂ ਧਿਆ ਕਰਕੇ,
'ਤਾਈਓਂ ਦਰ ਤੇ ਆ ਧੂਨੀ ਰੁਮਾ ਬੈਠਾ।

'ਗੁਰਬਾਣੀ ਪ੍ਰੈਸ' ਬਾਗ ਜਲ੍ਹਿਆਂ ਵਾਲਾ
ਅੰਮ੍ਰਿਤਸਰ ਵਿਚ ਛਪਿਆ।

Digitized by Panjab Digital Library | www.panjabdigilib.org

P-1463

Digitized by Panjab Digital Library | www.panjabdigilib.org

Digitized by Panjab Digital Library | www.panjabdigilib.org